# ਵਰਿਆਮ

ਦਸੰਬਰ ੧੯੮੬

## ਗੁਰੂ ਨੇ ਦਸਿਆ ਸਾਨੂੰ

—ਸ. ਸ. ਮੀਸ਼ਾ—

ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਫਲਸਫੇ ਨੂੰ ਦਰਸਾਉਂਦੀ ਇਹ ਕਵਿਤਾ
ਮੀਸ਼ਾ ਜੀ ਨੇ ਗੁਰੂ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਸਮੇਂ ਲਿਖੀ ਸੀ ।

ਗੁਰੂ ਨੇ ਦਸਿਆ ਸਾਨੂੰ ਹੈ ਬਣਕੇ ਧਰਮ ਦੀ ਚਾਦਰ ।
ਧਰਮ ਸਾਰੇ ਪਵਿੱਤਰ ਨੇ ਕਰੋ ਹਰ ਧਰਮ ਦਾ ਆਦਰ ।
ਕੋਈ ਆਪਣੇ ਧਰਮ ਦੀ ਪਰ ਕਿਸੇ ਨੂੰ ਧੌਂਸ ਨਾ ਦੇਵੇ ।
ਜਬਰ ਦੇ ਆਸਰੇ ਹੀ ਦੂਜਿਆਂ ਤੇ ਠੋਸ ਨਾ ਦੇਵੇ ।
ਮੈਂ ਨਿੱਕੇ ਮੂੰਹ ਚੋਂ ਵੀ ਆਖਾਂ ਜਦੋਂ ਇਤਿਹਾਸ ਹੈ ਸਾਖੀ ।
ਗੁਰੂ ਨੇ ਸੀਸ ਦੇ ਕੀਤੀ ਤਿਲਕ ਜੰਞੂ ਦੀ ਕਿੰਜ ਰਾਖੀ ।
ਤਿਲਕ ਜੰਞੂ ਜੁੜੇ ਹੋਏ ਇਕ ਧਰਮ ਸੰਗ ਠੀਕ ਨੇ ਦੋਵੇਂ ।
ਇਬਾਦਤ ਦੀ ਆਜ਼ਾਦੀ ਦੇ ਔਪਰ ਪ੍ਰਤੀਕ ਨੇ ਦੋਵੇਂ ।
ਬਣੀ ਹੁੰਦੀ ਅਜੇਹੀ ਚੀਜ਼ ਜੇ ਸੁਲਝ ਸਮਾਜ ਉੱਤੇ ।
ਜਾਂ ਲਗਦੀ ਰੋਕ ਜਿਧਰੇ ਵੀ ਆਜ਼ਾਲਾਂ ਦੀ ਆਵਾਜ਼ ਉੱਤੇ ।
ਗੁਰੂ ਨੇ ਤਦ ਵੀ ਦੇਣਾ ਹੀ ਦੁੱਖੀ ਦੀ ਪੱਤ ਰਖਣੀ ਸੀ ।
ਸੀ ਦੇਣਾ ਸੀਸ ਦੇਣਾ ਹੀ ਨਾ ਮੁਖ ਤੋਂ ਸੀ ਉਚਰਨੀ ਸੀ ।

— — —

ਗੁਰੂ ਨੇ ਦੱਸਿਆ ਹੈ ਢੰਗ ਨਿਰਭੈ ਹੋ ਕੇ ਜੀਵਨ ਦਾ ।
ਭਲਾ ਸਰਬਤ ਦਾ ਮੰਗਦੇ ਸ਼ਹੀਦੀ ਜਾਮ ਪੀਵਨ ਦਾ ।
ਜਿਨ੍ਹੇ ਦੀ ਜਦ ਹੈ ਸ਼ਕਤੀ ਨਾਲ ਐਵੇਂ ਉਲਝਦੀ ਸ਼ਕਤੀ ।
ਹੈ ਸਕਦੀ ਝਗਮਗਾ ਮਾਂਦੀ ਨਹੀਂ ਪਰ ਡੋਲਦੀ ਭਗਤੀ ।
ਘਨੇਰੇ ਅਤਿਆਚਾਰਾਂ ਸੁਭਾਅ ਅਜ਼ਮਾ ਕੇ ਤੱਕਿਆ ਹੈ ।
ਜਦੋਂ ਜਿਣਿਆ ਹੈ ਜੀਣ ਫਿਰ ਕਦੇ ਪਿੰਜਰੇ 'ਚ ਡੱਕਿਆ ਹੈ ।
ਅਸੀਂ ਰੱਤ ਨਾਲ ਲਿਖੀ ਹੈ ਸਦਾ ਇਹ ਬਾਤ ਮਾਨਵ ਦੀ ।
ਹੈ ਚੌਹਰਾ ਤੇ ਮਸੀਤ ਇਕੋ, ਹੈ ਇਕੋ ਜ਼ਾਤ ਮਾਨਵ ਦੀ ।
ਨਿਕਲਕੇ ਕੋਈ ਘੇਰੇ ਚੋਂ ਜੋ ਮਕਤਲ ਤੀਕ ਜਾਂਦਾ ਹੈ ।
ਕਿਤੇ ਨਹੀਂ ਝਿਜਕਦਾ ਰਾਹ ਵਿਚ ਤਾਂ ਸਮਝੋ ਠੀਕ ਜਾਂਦਾ ਹੈ ।
ਅਸੀਂ ਚੋਰੀਂ ਉਬਲਦੇ ਵੀ ਕਦੇ ਦਿਲਗੀਰ ਨਹੀਂ ਹੋਣਾ ।
ਤੇ ਤਿਖੇ ਆਰਿਆਂ ਤੋਂ ਸਿਦਕ ਸਾਡਾ ਚੀਰ ਨਹੀਂ ਹੋਣਾ ।

— — —

ਅਸੀਂ ਹਾਂ ਹਿੰਦ ਸਾਰੀ ਦੇ ਤੇ ਸਾਰੀ ਹਿੰਦ ਹੈ ਸਾਡੀ ।
ਅਸੀਂ ਜਿਊਂਦੇ ਹਾਂ ਇਸ ਖਾਤਿਰ ਕਿ ਏਹੋ ਜਿੰਦ ਹੈ ਸਾਡੀ ।
ਸੁਰਖਰੂ ਕਰਨ ਲਈ ਇਸ ਨੂੰ ਬੜਾ ਕੁਝ ਝਾਗਿਆ ਪੈਂਡਾ ।
ਉਦਦੇ ਕਦਮਾਂ ਦੀ ਛੋਹ ਲਗੀ ਤਾਂ ਨੀਂਦੋਂ ਜਾਗਿਆ ਪੈਂਡਾ ।
ਉਹਦੇ ਚਰਨਾਂ ਦੀ ਛੋਹ ਪਸਰੀ ਬਕਾਲੇ ਤੋਂ ਗੁਹਾਟੀ ਤੱਕ ।
ਹੇ ਪਹੁੰਚੀ ਗਲ ਤੇਰੇ ਦੀ ਕਿਤੇ ਪਰਬਤ ਦੀ ਘਾਟੀ ਤੱਕ ।
ਗਯਾ ਮਥੁਰਾ ਬਨਾਰਸ ਨੇ ਉਹਦਾ ਦੀਦਾਰ ਕੀਤਾ ਸੀ ।
ਇਲਾਹਾਬਾਦ ਤ੍ਰਿਵੇਣੀ ਨੇ ਉਹਨੂੰ ਪਿਆਰ ਕੀਤਾ ਸੀ ।
ਗਿਆ ਜਦ ਆਸਾਮ ਵਲ ਨੂੰ ਉਹ ਸੈਲਾਬਾਂ ਵਾਂਗੋਂ ਸੀ ।
ਜਾਂ ਸੰਗਲਦੀਪ ਨੇ ਗੁਰਾਂ ਦੀ ਸਿੱਖੀ ਧਾਰ ਪਾਈ ਸੀ ।
ਕਿਸ ਕਸ਼ਮੀਰ ਦੇ ਪਿੱਛੇ ਕੋਈ ਨਜ਼ਰ ਕਰੇਂਦੀ ਹੈ ।
ਤਾਂ ਫਿਰ ਦਿਲ ਵਿਚ ਅਨੰਦਪੁਰ ਦੇ ਅਦਭੁਤ ਮਹਿਸੂਸ ਹੋਈ ਹੈ ।
ਗੁਰੂ ਨੇ ਦਸਿਆ ਸਾਨੂੰ, ਹੈ ਬਣ ਕੇ ਹਿੰਦ ਦੀ ਚਾਦਰ ।
ਧਰਮ ਸਾਰੇ ਪਵਿੱਤਰ ਨੇ ਕਰੋ ਹਰ ਧਰਮ ਦਾ ਆਦਰ ।

Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

AMBER FOODS

Amber pet HYDERABAD

(A.P.)



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ ਦਸੰਬਰ—੧੯੮੬

ਜਿਲਦ ੧੨ ਅੰਕ : ੨

ਸੰਪਾਦਕ ਵਲੋਂ

# ਤੇਗ਼ ਬਹਾਦਰ—ਹਿੰਦ ਦੀ ਚਾਦਰ

ਕਵੀ ਸੈਨਾਪਤੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸਿਟਾ ਇਹ ਦਸਿਆ ਹੈ ਕਿ ਉਹਨਾਂ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੀ ਸਰੀਰ ਰੂਪੀ ਚਾਦਰ ਨਾਲ ਢਕਿਆ। ਉਹਨਾਂ ਨੇ ਕਰਮ ਅਤੇ ਧਰਮ ਦੀ ਇਜ਼ਤ ਰੱਖ ਲਈ। ਕਲਜੁਗ ਵਿਚ ਇਕ ਸਾਖੀ ਅਟਲ ਰੂਪ ਵਿਚ ਸਥਾਪਤ ਕਰ ਦਿਤੀ। ਉਹਨਾ ਦੀ ਸ਼ਹੀਦੀ ਵਾਲੀ ਸਾਖੀ ਨਾਲ ਸਾਰੀ ਦੁਨੀਆ ਤੇ ਜਸ ਹੋਇਆ ਜਿਸ ਕਾਰਨਾਮੇ ਨਾਲ ਸਾਰੇ ਹੀ ਧਰਮ ਬਚ ਗਏ। ਤਿੰਨਾ ਹੀ ਲੋਕਾਂ ਵਿਚ ਜੈ ਜੈ ਕਾਰ ਹੋ ਗਈ। ਇਸ ਤਰ੍ਹਾਂ ਸਤਿਗੁਰਾਂ ਨੇ ਇਵੇਂ ਤਿਲਕ ਜਨੇਊ ਅਤੇ ਧਰਮਸਾਲਾ ਦੀ ਪ੍ਰਤਿਭਾ ਨੂੰ ਅਟਲ ਕਰ ਦਿਤਾ।

ਚੌਪਈ

ਪ੍ਰਗਟ ਭਏ ਗੁਰੂ ਤੇਗ ਬਹਾਦਰ
ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ
ਕਰਮ ਧਰਮ ਕੀ ਜਿਨਿ ਪਤਿ ਰਾਖੀ
ਅਟਲ ਕਰੀ ਕਲਜੁਗ ਮੈਂ ਸਾਖੀ
ਸਗਲ ਸ੍ਰਿਸ਼ਟਿ ਜਾ ਕਾ ਜਸ ਭਯੋ
ਜਿਸ ਤੇ ਸਰਬ ਧਰਮ ਬਚਯੋ
ਤੀਨ ਲੋਕ ਮੈ ਜੈ ਜੈ ਭਈ
ਸਤਿਗੁਰ ਪੈਜ ਰਾਖਿ ਇਮ ਲਈ
ਤਿਲਕ ਜਨੇਊ ਧਰਿ ਧਰਮਸਾਲਾ
ਅਟਲ ਕਰੀ ਗੁਰ ਭਏ ਦਿਆਲਾ।
ਧਰਮ ਹੇਤ ਪ੍ਰਭੁ ਪੁਰਹਿ ਸਿਧਾਏ
ਗੁਰ ਗੋਬਿੰਦ ਸਿੰਘ ਕਹਿਲਾਏ ॥

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਬਾਰੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ ਕਿ ਉਹਨਾਂ ਨੇ ਤਿਲਕ ਜੰਞੂ ਦੀ ਰਖਿਆ ਕਰ ਕੇ ਕਲਿਜੁਗ ਦਾ ਵੱਡਾ ਸਾਕਾ ਕੀਤਾ। ਉਹਨਾ ਸਾਧੂਆਂ, ਭਲੇ ਪੁਰਸ਼ਾਂ ਲਈ ਸਿਖਰ ਦੀ ਗਲ ਕੀਤੀ। ਉਹਨਾਂ ਸਿਰ ਦੇ ਦਿਤਾ ਪਰ ਮੁਖੋਂ ਸੀ ਤਕ ਨਹੀਂ ਕੀਤੀ। ਉਹਨਾਂ ਧਰਮ ਦੇ ਵਾਸਤੇ ਇਹ ਸਾਕਾ ਕੀਤਾ। ਸਿਰ ਤਾਂ ਦਿਤਾ ਪਰ ਸਿਰੜ ਨਾ ਦਿਤਾ। ਕਰਮਾਤਾਂ ਦੇ ਰੂਪ ਵਿਚ ਨਾਟਕ ਚੇਟਕਾਂ ਦਾ ਸਹਾਰਾ ਬਿਲਕੁਲ ਨਾ ਲਿਆ ਰਬ ਦੇ ਬੰਦਿਆਂ ਨੂੰ ਅਜਿਹੀਆਂ ਗਲਾਂ ਕਰਨ ਤੋਂ ਸੰਗ ਆਉਂਦੀ ਹੈ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ
ਕੀਨੋ ਬਡੋ ਕਲੂ ਮਹਿ ਸਾਕਾ
ਸਾਧਨਿ ਹੇਤਿ ਇਤੀ ਜਿਨਿ ਕਰੀ
ਸੀਸੁ ਦੀਆ ਪਰ ਸੀ ਨ ਉਚਰੀ
ਧਰਮ ਹੇਤ ਸਾਕਾ ਜਿਨਿ ਕੀਆ
ਸੀਸੁ ਦੀਆ ਪਰ ਸਿਰਰੁ ਨ ਦੀਆ
ਨਾਟਕ ਚੇਟਕ ਕੀਏ ਕੁਕਾਜਾ
ਪ੍ਰਭ ਲੋਗਨ ਕਹ ਆਵਤ ਲਾਜਾ

ਉਹਨਾਂ ਨੇ ਆਪਣਾ ਸਰੀਰ ਰੂਪੀ ਭਾਂਡਾ ਦਿਲੀ ਦੇ ਦੀਨ ਬਾਦਸ਼ਾਹ ਔਰੰਗਜ਼ੇਬ ਸਿਰ ਭੰਨ ਕੇ ਪਰਮਾਤਮਾ ਦੀ ਪੁਰੀ ਵਲ ਪਿਆਨਾ ਕੀਤਾ। ਗੁਰੂ ਤੇਗ ਬਹਾਦਰ ਜਿਹੀ ਕਰਨੀ ਹੋਰ ਕਿਸੇ ਨੇ ਨਹੀਂ ਕੀਤੀ—ਤੇਗ ਬਹਾਦਰ ਜੀ ਦੇ ਜਾਣ ਨਾਲ ਸਾਰੇ ਸੰਸਾਰ ਵਿਚ ਸੋਕ ਹੋਇਆ ਸਾਰੇ ਜੱਗ ਤੇ ਹੈ ਹੈ ਹੈ ਭਾਵ ਸ਼ੋਕ ਅਤੇ ਹੈਰਾਨੀ ਹੋਈ ਪਰ ਦੇਵ ਲੋਕ ਵਿਚ ਜੈ ਜੈ ਕਾਰ ਹੋਈ।

ਠੀਕਰਿ ਫੋਰਿ ਦਿਲੀਸਿ ਸਿਰਿ,
ਪ੍ਰਭ ਪੁਰ ਕੀਆ ਪਯਾਨ
ਤੇਗ ਬਹਾਦਰ ਸੀ ਕ੍ਰਿਆ
ਕਰੀ ਨ ਕਿਨਹੂੰ ਆਨ
ਤੇਗ ਬਹਾਦਰ ਕੇ ਚਲਤ
ਭਯੋ ਜਗਤ ਕੋ ਸੋਕ
ਹੈ ਹੈ ਹੈ ਸਭ ਜਗ ਭਯੋ
ਜੈ ਜੈ ਜੈ ਸੁਰ ਲੋਕ

ਭਾਈ ਮਨੀ ਸਿੰਘ ਜੀ ਸ਼ਹੀਦ ਬਿਲਾਸ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਲਿਖਦੇ ਹਨ। ਅਤੇ ਜਦੋਂ ਹਿੰਦੁਸਤਾਨ ਵਿਚ ਘੋਰ ਪਾਪ ਹੋ ਰਹੇ ਸਨ ਤਾਂ ਉਸ ਦੀ ਖਾਤਰ ਵੀ ਉਹਨਾ ਦੀ ਕੁਰਬਾਨੀ ਲਿਖਦੇ ਹਨ।

ਹਿੰਦ ਵਿਖੇ ਅੰਧ ਘੋਰ ਮਚਯੋ ਜਬ,
ਸਾਧੂ ਸੰਤ ਨਹਿ ਦੇਖਨ ਪਾਵਤ।



Sri Satguru Jagjit Singh Ji eLibrary NamdhariElibrary@gmail.com

ਧਰਮ ਦੀ ਥਾਂ ਅਧਰਮ ਟੌਂਵੇ
ਨਹਿ ਰਖਸਨਿ ਗਉ ਗਰੀਬ ਦਿਖਾਵਤ।
ਤੇਗ ਬਹਾਦਰ 'ਹਿੰਦ ਕੀ ਚਾਦਰ'
ਥੇ ਚੱਕ ਨਾਨਕੀ ਥੰਬ ਬਤਾਵਤ
ਸੇਵਾ ਕਰੀ ਇਸ ਘੋਰ ਕਲੂ ਮਹਿ
ਗੁਰੂ ਤਿਲਕ ਜੰਞੂ ਕੀ ਲਾਜ ਰਖਾਵਤ

ਬਾਵਾ ਸਰੂਪ ਦਾਸ ਭਲਾ ਜੀ ਮਹਿਮਾ ਪ੍ਰਕਾਸ਼ ਵਿਚ ਅੰਕਿਤ ਕਰਦੇ ਹਨ :

ਕੀਆ ਧਰਮ ਹੇਤ ਸਾਕਾ
ਜੰਞੂ ਤਿਲਕ ਕੋ ਰਾਖਾ
ਜਗੁ ਸੰਤ ਥੰਭ ਭਾਖਾ
ਜੈ ਜੈ ਜਗਤ ਗਾਇਆ

ਸ਼ਹੀਦ ਕਰਨ ਸਿੰਘ ਰੰਧਾਵਾ ਨੇ ਇਸ ਸ਼ਹਾਦਤ ਬਾਰੇ ਲਿਖਿਆ ਹੈ :

ਸੀਸ ਦਯੋ ਪਰ ਸਿਰਰ ਨਾ ਦੀਓ
ਅਪਨੋ ਧਰਮ ਕਰਮ ਰਖ ਲੀਓ

ਉਹਨਾਂ ਆਪਣੇ ਹੀ ਧਰਮ ਤੇ ਕਰਮ ਦੀ ਰਖਿਆ ਕੀਤੀ।

... ... ...

ਸਤਿਗੁਰੂ ਜੀ ਦੇ ਜੀਵਨ ਫਲਸਫੇ, ਉਹਨਾਂ ਦੇ ਸੰਘਰਸ਼ ਬਾਰੇ ਚਾਂਦ ਭੱਟ ਨੇ ਚਾਰ ਸਤਰਾਂ ਲਿਖੀਆਂ ਹਨ ਜੋ ਬਹੁਤ ਮਹਾਨਤਾ ਰਖਦੀਆਂ ਹਨ ਇਸੇ ਕਰਕੇ ਹੀ ਉਹਨਾਂ ਦਾ ਸਤਿਕਾਰ ਬਾਣੀ ਵਰਗਾ ਹੀ ਹੁੰਦਾ ਹੈ :

ਚਿਤ ਚਰਨ ਕਮਲ ਕਾ ਆਸਰਾ
ਚਿਤ ਚਰਨ ਕਮਲ ਸੰਗ ਜੋੜੀਐ
ਮਨ ਲੋਚੇ ਬੁਰਿਆਈਆਂ
ਗੁਰ ਸਬਦੀ ਇਹ ਮਨ ਹੋੜੀਐ
ਬਾਂਹਿ ਜਿਨ੍ਹਾਂ ਦੀ ਪਕੜੀਐ
ਸਿਰ ਦੀਜੈ ਬਾਂਹਿ ਨ ਛੋੜੀਐ
ਤੇਗ ਬਹਾਦਰ ਬੋਲਿਆ
ਧਰ ਪਈਐ ਧਰਮ ਨ ਛੋੜੀਐ

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਿਮਰਦੇ ਹੋਏ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਉਹਨਾਂ ਸ਼ਹਾਦਤ ਦੇ ਕੇ ਸਾਰੇ ਸੰਸਾਰ ਦੀ ਚਾਦਰ ਬਣੇ, ਉਹ ਹਿੰਦ ਦੀ ਚਾਦਰ ਕਹਿਲਾਏ। ਉਹਨਾਂ ਧਰਮ ਹੇਤ ਸਾਕਾ ਕੀਤਾ— ਜਿਨ੍ਹਾਂ ਦੀ ਬਾਂਹ ਫੜੀ ਸਿਰ ਦੇ ਕੇ ਬਾਂਹ ਨਹੀਂ ਛੱਡੀ ਬਾਂਹ ਬਚਨ ਪੂਰਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮੇ ਵਿਚ ਵੀ ਲਿਖਿਆ ਸੀ :

ਹਮੂੰ ਮਰਦ ਬਾਯਦ, ਸ਼-ਵਦ ਸੁਖ਼ਨਵਰ
ਨ ਸ਼ਿਕਮੇਂ ਦਿਗਰ, ਦਰ ਦਹਾਨੇ ਦਿਗਰ

ਮਰਦ ਨੂੰ ਚਾਹੀਦਾ ਹੈ ਉਹ ਸੁਖ਼ਨ ਦਾ ਪੂਰਾ ਹੋਵੇ। ਉਸ ਦੇ ਦਿਲ ਵਿਚ ਹੋਰ ਤੇ ਮੂੰਹ ਵਿਚ ਹੋਰ ਗੱਲ ਨਾ ਹੋਵੇ।

ਅੱਜ ਗੁਰੂ ਜੀ ਦੀ ਸ਼ਹਾਦਤ ਜਿਸ ਕਾਰਨ ਹੋਈ ਗੁਰੂ ਜੀ ਦੀ ਉਮਤ ਨੂੰ ਉਸ ਦਿਸ਼ਾ ਵਿਚ ਚਲਣਾ ਚਾਹੀਦਾ ਹੈ। ਜਦੋਂ ਤਕ ਗੁਰੂ ਤੇਗ ਬਹਾਦਰ ਜੀ ਦੀ ਹਿੰਦ-ਧਰਮ ਲਈ ਸ਼ਹਾਦਤ ਕਾਇਮ ਹੈ ਇਹ ਦੇਸ਼ ਦੀ ਏਕਤਾ ਦੀ ਜਾਮਨ ਹੈ।

—ਜਗਦੀਸ਼ ਸਿੰਘ

---

## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੨-੫੦ ਰੁਪਏ |
| ਸਾਲਾਨਾ ਚੰਦਾ | | ੨੫-੦੦ ਰੁਪਏ |
| ਤਿੰਨ ਸਾਲ ਵਾਸਤੇ | | ੬੫-੦੦ ,, |
| ਪੰਜ ਸਾਲ ਵਾਸਤੇ | | ੧੦੦-੦੦ ,, |
| ਲਾਈਫ ਮੈਂਬਰ | | ੩੦੦-੦੦ ,, |
| **ਵਿਦੇਸ਼ ਸਾਲਾਨਾ** | | |
| ਬਾਹੀਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੬੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੭੫-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੭੫-੦੦ ,, |

---

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone : 71204 PP

ਫੋਨ : ੭੭੩੫੬ ਪੀ.ਪੀ.



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

—ਮੁਰਸ਼ਦ ਬੁਟਰਵੀ—

ਇਹ ਦੀਵਾਨਾ ਕੀ ਕਰਦਾ ਹੈ
ਅੱਗੇ ਪਿੱਛੇ ਦੌੜ ਰਿਹਾ ਹੈ

ਇਸ ਨਵਿਆਂ ਲੋਕਾਂ ਵਿਚ ਆ ਕੇ
ਧੁਰ ਦੇ ਨਾਲੋਂ ਟੁੱਟ ਗਿਆ ਹੈ

ਹੋਰ ਤੇ ਸਭ ਕੁਝ ਯਾਦ ਹੈ ਮੈਨੂੰ
ਆਪਣਾ ਆਪ ਹੀ ਭੁਲ ਗਿਆ ਹੈ

ਉਸ ਦੇ ਵਿਰਲੇ ਦੰਦਾਂ ਵਿਚੋਂ!
ਸੰਘਣਾਂ ਹਾਸਾ ਡੁੱਲ੍ਹ ਰਿਹਾ ਹੈ

ਰੋ ਰੋ ਉਸ ਨੂੰ ਯਾਦ ਕਰਾਂ ਮੈਂ
ਜਿਹੜਾ ਮੈਨੂੰ ਭੁਲ ਗਿਆ ਹੈ

ਮੇਰੇ ਆਲ ਦੁਆਲੇ ਤੇਰਾ
ਆਲ ਦੁਆਲਾ ਘੁੰਮ ਰਿਹਾ ਹੈ

ਤੂੰ ਆਵੇਂ ਤੇ ਹਰ ਇਕ ਸ਼ੈਅ ਦਾ
ਰੂਪ ਦੁਬਾਲਾ ਹੋ ਜਾਂਦਾ ਹੈ

ਮਾਨ ਅਲੈਹਦਾ ਉਸ ਪਿਆਰੇ ਨੇ
ਚੰਗਾ ਚੰਗਾ ਬੰਨ੍ਹ ਰਖਿਆ ਹੈ

ਮੈਨੂੰ ਕੀ ਮਾਲੂਮ ਸੀ ਮੁਰਸ਼ਦ!
ਉਹ ਏਨਾਂ ਹੀ ਗ਼ਰਕ ਗਿਆ ਹੈ

## ਗ਼ਜ਼ਲ

—ਪ੍ਰਕਾਸ਼ ਕੌਰ 'ਹਮਦਰਦ'

ਭਰੀ ਅਖੀਆਂ ਨੇ ਲਾਈ ਹੈ ਸਜਣ ਦੇ ਸਾਥ ਦੇ ਬਾਝੋਂ।
ਕਿ ਰੁੱਤ ਹੰਝੂਆਂ ਦੀ ਆਈ ਹੈ ਸਜਣ ਦੇ ਸਾਥ ਦੇ ਬਾਝੋਂ।

ਗ਼ਮਾਂ ਦੇ ਵਹਿਣ 'ਚੋਂ ਕੱਢੀ ਸੀ ਕਸ਼ਤੀ ਉਸ ਨੇ ਮੇਰੀ
ਭੰਵਰ ਵਿਚ ਫੇਰ ਆਈ ਹੈ ਸਜਣ ਦੇ ਸਾਥ ਦੇ ਬਾਝੋਂ।

ਤਪਿਸ਼ ਗ਼ਮ ਦੀ ਜਲਾਉਂਦੀ ਸੀ ਉਹ ਬਣ ਬਰਸਾਤ ਆਇਆ ਸੀ
ਤਪਿਸ਼ ਗ਼ਮ ਦੀ ਸਵਾਈ ਹੈ ਸਜਣ ਦੇ ਸਾਥ ਦੇ ਬਾਝੋਂ।

ਉਹ ਕੀ ਜਾਣੇ ਕਿਵੇਂ ਬੀਤੀ ਉਹਦੇ ਤੁਰ ਜਾਣ ਦੇ ਮਗਰੋਂ
ਬਹੁਤ ਮੁਸ਼ਕਿਲ ਬਿਤਾਈ ਹੈ ਸਜਣ ਦੇ ਸਾਥ ਦੇ ਬਾਝੋਂ।

ਹਨੇਰੇ ਰੌਣਕਾਂ ਮੇਰੇ ਸਵੇਰੇ ਥੋੜ ਖੁਸ਼ੀਆਂ ਦੀ
ਮੈਂ ਤਨਹਾਈ ਹੰਢਾਈ ਹੈ ਸਜਣ ਦੇ ਸਾਥ ਦੇ ਬਾਝੋਂ।

ਰਿਹਾ ਨਾ ਹਮਸਫ਼ਰ ਮੇਰਾ, ਸਫ਼ਰ ਬਾਕੀ ਅਜੇ ਮੇਰਾ
ਸਫ਼ਰ ਵਿਚ ਰਾਤ ਆਈ ਹੈ ਸਜਣ ਦੇ ਸਾਥ ਦੇ ਬਾਝੋਂ।

ਇਕੱਲੇ ਨੂੰ ਤਾਂ ਰਸਤਾ ਤਕ ਵੀ ਭੁੱਲ ਜਾਂਦਾ ਹੈ ਮੰਜ਼ਿਲ ਦਾ
ਕਦੋਂ ਮੰਜ਼ਿਲ ਥਿਆਈ ਹੈ ਸਜਣ ਦੇ ਸਾਥ ਦੇ ਬਾਝੋਂ।

ਜਦੋਂ ਦੇ ਸਾਂ ਤਾਂ ਯਾਰਾਂ ਸਾਂ ਵਿਛੜ ਕੇ ਜਾਨ ਹੁਣ ਮੇਰੀ
ਇਕੱਲੀ ਹੈ ਇਕਾਈ ਹੈ ਸਜਣ ਦੇ ਸਾਥ ਦੇ ਬਾਝੋਂ।

ਹਨੇਰਾ ਹੀ ਹਨੇਰਾ ਹੈ ਕਿਤੇ 'ਪਰਕਾਸ਼' ਨਹੀਂ ਉਸਦਾ
ਗ਼ਮਾਂ ਦੀ ਰਾਤ ਛਾਈ ਹੈ ਸਜਣ ਦੇ ਸਾਥ ਦੇ ਬਾਝੋਂ।

## ਅਗ਼ਜ਼ਲ

—ਅਜਾਇਬ ਕਮਲ (ਨੈਰੋਬੀ)—

ਆਖਦਾ ਹੈ ਹੋਰ ਹਰ ਇਕ ਨੂੰ ਬੁਝਾਰਤ ਆਦਮੀ
ਪਰ ਕਦੇ ਕਰਦਾ ਨਹੀਂ ਆਪਣੀ ਸ਼ਨਾਖ਼ਤ ਆਦਮੀ

ਉਮਰ ਭਰ ਜਾਂਦੀ ਇਹਦੀ ਅਪਣੀ ਉਸਾਰੀ ਵਾਸਤੇ
ਹੋਰ, ਨਕਸ਼ੇ ਵਿਚ ਬਣਾ ਲੈਂਦਾ ਇਮਾਰਤ ਆਦਮੀ

ਅਪਣੀ ਦੁਰਬਲਤਾ ਦਾ ਇਸਨੇ ਨਾਮ ਰਖ ਲੀਤਾ ਖ਼ੁਦਾ
ਅਪਣੀ ਕਮਜ਼ੋਰੀ ਦੀ ਹੈ ਕਰਦਾ ਇਬਾਦਤ ਆਦਮੀ

ਉਮਰ ਸਾਰੀ ਫੇਰ ਇਹ ਬੁੱਢਾ ਕਦੇ ਹੁੰਦਾ ਨਹੀਂ
ਮਰਨ ਨਾ ਦੇਵੇ ਜੇ ਅੰਦਰਲੀ ਸ਼ਰਾਰਤ ਆਦਮੀ

ਇਸ ਦੀ ਅਪਣੀ ਅਕਲ ਹੀ ਇਸ ਦੇ ਲਈ ਖ਼ਤਰਾ ਬਣੀ
ਬਣ ਗਿਆ ਆਪਣੇ ਲਈ ਖ਼ੁਦ ਹੀ ਮੁਸੀਬਤ ਆਦਮੀ

ਇਸ ਦੇ ਅੰਦਰ ਭੋਰਿਆਂ ਵਿਚ ਹੈ ਸੜੀ ਬਦਬੋ ਭਰੀ
ਉੱਤੋਂ ਕਿਨੀ ਖ਼ੂਬਸੂਰਤ ਹੈ ਇਮਾਰਤ ਆਦਮੀ



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes.
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 529033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp, C-70 NEW DELHI-110064

ਵਰਿਆਮ

Sri Satguru Jagjit Singh Ji eLibrary NamdhariElibrary@gmail.com

ਵਿਸ਼ਵ ਕਲਾਸਕੀ ਸਾਹਿਤ

# ਬਾਦਸ਼ਾਹਾਂ ਦੇ ਫ਼ਰਜ਼

—ਖ਼ਵਾਜਾ ਨਿਜ਼ਾਮਲ ਮੁਲਕ

(ਈਰਾਨ ਵਿਚ ਪੰਜਵੀਂ ਸਦੀ ਹਿਜਰੀ ਵਿਚ ਇਕ ਮਸ਼ਹੂਰ ਪੁਸਤਕ ਲਿਖੀ ਗਈ 'ਸਿਆਸਤ ਨਾਮਾ'। ਇਸ ਦੇ ਲੇਖਕ ਖ਼ਵਾਜਾ ਨਿਜ਼ਾਮਲ ਮੁਲਕ ਨੇ ਫ਼ਾਰਸੀ ਵਿਚ ਰਚੀ ਇਸ ਪੁਸਤਕ ਵਿਚ ਬਾਦਸ਼ਾਹਾਂ ਦੇ ਕਰਨ ਜੋਗ ਚੰਗੀਆਂ ਗਲਾਂ ਲਿਖੀਆਂ ਜਿਸ ਤੋਂ ਇਹ ਚੰਗੇ ਹੁਕਮਰਾਨਾਂ ਵਾਸਤੇ ਇਕ ਗਾਈਡ ਪੁਸਤਕ ਬਣ ਗਈ। ਲੇਖਕ ਜਿਥੇ ਬਹੁਤ ਵਧੀਆ ਸਾਹਿਤਕਾਰ ਸੀ ਉਥੇ ਰਾਜ ਕਾਜ ਵਿਚ ਵੀ ਮਾਹਰ ਸੀ। ਅਮਨ ਕਾਨੂੰਨ ਇਨਸਾਫ਼ ਅਤੇ ਸਰਕਾਰ ਦੇ ਉਚ ਅਸੂਲਾਂ ਦੇ ਧਾਰਨੀ ਹੋਣ ਤੋਂ ਇਲਾਵਾ ਬਹੁਤ ਸਾਰੀਆਂ ਵਿਦਿਆਵਾਂ ਜਿਵੇਂ ਇਤਿਹਾਸ, ਧਰਮ, ਸੰਸਕ੍ਰਿਤੀ ਅਤੇ ਗਣਿਤ ਆਦਿਕ ਦਾ ਵੀ ਆਲਮ ਸੀ। ਸਿਆਸਤਨਾਮਾ ਹੁਕਮਰਾਨਾਂ ਦੇ ਸਦਗੁਣਾ ਨੂੰ ਉਭਾਰਨ ਵਾਲੀ ਪੁਸਤਕ ਹੈ। ਇਸ ਵਿਚੋਂ ਦੋ ਕਹਾਣੀਆਂ ਅਸੀਂ ਵਰਿਆਮ ਦੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। —ਸੰਪਾਦਕ)

ਕਹਾਣੀ :

ਸੁਣਿਆ ਹੈ ਕਿ ਗਜ਼ਨੀ ਵਿਚ ਤੰਦੂਰ ਵਾਲਿਆਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿਤੀਆਂ ਅਤੇ ਰੋਟੀ ਮਿਲਣੀ ਬੰਦ ਹੋ ਗਈ। ਗਰੀਬ ਤੇ ਦਰਵੇਸ਼ ਦੁਖੀ ਹੋ ਗਏ ਅਤੇ ਫ਼ਰਿਆਦ ਕਰਨ ਲਈ ਦਰਬਾਰ ਵਿਚ ਗਏ ਤੇ ਨਾਨਬਾਈਆਂ ਦੇ ਖ਼ਿਲਾਫ਼ ਰੋਏ ਪਿੱਟੇ। ਸੁਲਤਾਨ ਨੇ ਹੁਕਮ ਦਿਤਾ ਕਿ ਸਭ ਨੂੰ ਹਾਜ਼ਰ ਕੀਤਾ ਜਾਵੇ। ਪੁਛਿਆ ਕਿ ਰੋਟੀ ਬਣਾਉਣੀ ਕਿਉਂ ਬੰਦ ਕੀਤੀ? ਉਨ੍ਹਾਂ ਉਤਰ ਦਿਤਾ ਕਿ ਜਦੋਂ ਵੀ ਕਣਕ ਜਾਂ ਆਟਾ ਇਸ ਸ਼ਹਿਰ ਵਿਚ ਆਉਂਦਾ ਹੈ ਤਾਂ ਅਮੀਰ ਨਾਲਾ ਖ਼ਾਦੀ ਖ਼ਰੀਦ ਲੈਂਦੇ ਹਨ ਤੇ ਜਮ੍ਹਾਂ ਕਰ ਲੈਂਦੇ ਹਨ ਅਤੇ ਕਹਿੰਦੇ ਹਨ ਕਿ ਹੁਕਮ ਅਜਿਹਾ ਹੀ ਹੈ। ਸਾਡੇ ਖ਼ਰੀਦਣ ਲਈ ਇਕ ਮਣ ਆਟਾ ਵੀ ਨਹੀਂ ਛਡਦੇ। ਸੁਲਤਾਨ ਨੇ ਹੁਕਮ ਦਿਤਾ ਕਿ ਵੱਡੇ ਖ਼ਾਸ ਨਾਨਬਾਈ ਨੂੰ ਪੇਸ਼ ਕੀਤਾ ਜਾਵੇ। ਉਸ ਨੂੰ ਹਾਥੀ ਦੇ ਪੈਰਾਂ ਹੇਠ ਕੁਚਲਿਆ ਜਾਵੇ; ਜਦ ਉਹ ਮਰ ਜਾਵੇ ਤਾਂ ਹਾਥੀ ਦੇ ਦੰਦਾਂ ਨਾਲ ਬੰਨ੍ਹਕੇ ਸਾਰੇ ਸ਼ਹਿਰ ਵਿਚ ਘੁਮਾਇਆ ਜਾਵੇ ਅਤੇ ਉਸ ਦੇ ਨਾਲ ਇਹ ਡੌਂਡੀ ਪਿਟੀ ਜਾਵੇ ਕਿ ਜਿਹੜਾ ਨਾਨਬਾਈ ਆਪਣੀ ਹੱਟੀ ਨਹੀਂ ਖੋਲ੍ਹੇਗਾ ਉਸ ਨਾਲ ਅਜਿਹਾ ਹੀ ਸਲੂਕ ਕੀਤਾ ਜਾਵੇਗਾ।

ਜਮ੍ਹਾਂ ਕੀਤਾ ਹੋਇਆ ਅਨਾਜ ਜ਼ਬਤ ਕਰ ਲਿਆ ਗਿਆ। ਸ਼ਾਮ ਦੀ ਨਮਾਜ਼ ਤੀਕ ਹਰ ਹੱਟੀ ਤੇ ਪੰਜਾਹ ਮਣ ਰੋਟੀਆਂ ਪਈਆਂ ਸਨ। ਕੋਈ ਖ਼ਰੀਦ ਨਹੀਂ ਸੀ ਰਿਹਾ।...

ਕਹਾਣੀ—੨

ਕਹਿੰਦੇ ਹਨ ਕਿ ਈਰਾਨ ਦੇ ਬਾਦਸ਼ਾਹਾਂ ਦਾ ਰਵਾਜ ਸੀ ਕਿ ਮਹਿਰਜਾਨ ਤੇ ਨੌਰੂਜ਼ ਵਾਲੇ ਦਿਨਾਂ ਤੇ ਲੋਕਾਂ ਨੂੰ ਦਰਬਾਰ ਵਿਚ ਆਉਣ ਦੀ ਖੁਲ੍ਹ ਦਿੰਦੇ ਅਤੇ ਕੁਝ ਦਿਨ ਪਹਿਲਾਂ ਮੁਨਾਦੀ ਰਾਹੀਂ ਐਲਾਨ ਕੀਤਾ ਜਾਂਦਾ ਸੀ ਕਿ ਫਲਾਣੇ ਦਿਨ ਲੋਕ ਬਾਦਸ਼ਾਹ ਪਾਸ ਆਉਣ। ਹਰ ਕੋਈ ਆਪਣੀ ਸ਼ਿਕਾਇਤ ਲਿਖ ਕੇ ਲਿਆਵੇ ਅਤੇ ਆਪਣੀ ਤਕਲੀਫ਼ ਪੇਸ਼ ਕਰੇ ਅਤੇ ਆਪਣੇ ਕੰਮ ਰਾਸ ਕਰਵਾਏ। ਜਦ ਉਹ ਨਿਸ਼ਚਿਤ ਦਿਨ ਆਉਂਦਾ ਤਾਂ ਬਾਦਸ਼ਾਹ ਬਾਹਰ ਨਿਕਲਦਾ ਅਤੇ ਬਾਜ਼ਾਰ ਵਿਚ ਖਲੋ ਜਾਂਦਾ ਅਤੇ ਆਵਾਜ਼ ਦਿੰਦਾ ਕਿ ਜੇ ਅੱਜ ਕਿਸੇ ਨੇ ਫ਼ਰਿਆਦੀ ਨੂੰ ਆਪਣੀ ਲੋੜ ਬਾਦਸ਼ਾਹ ਅਗੇ ਪੇਸ਼ ਕਰਨ ਤੋਂ ਰੋਕਿਆ ਤਾਂ ਬਾਦਸ਼ਾਹ ਪਾਸੋਂ ਉਸ ਦਾ ਖ਼ੂਨ ਵੀ ਹੋ ਸਕਦਾ ਹੈ। ਬਸ ਬਾਦਸ਼ਾਹ ਲੋਕਾਂ ਦੀਆਂ ਅਰਜ਼ੀਆਂ ਫੜਦਾ ਅਤੇ ਸਾਰੀਆਂ ਆਪਣੇ ਸਾਹਮਣੇ ਰਖਦਾ, ਫਿਰ ਇਕ ਇਕ ਕਰਕੇ ਸਾਰੀਆਂ ਪੜ੍ਹਦਾ ਅਤੇ ਜੇ ਇਨ੍ਹਾਂ ਵਿਚੋਂ ਕਿਸੇ ਤੇ ਲਿਖਿਆ ਹੁੰਦਾ ਕਿ ਉਹ ਬਾਦਸ਼ਾਹ ਤੋਂ ਤੰਗ ਹੈ ਤਾਂ ਬਾਦਸ਼ਾਹ ਉਠਦਾ ਤੇ ਤਖ਼ਤ ਤੋਂ ਹੇਠ ਆ ਜਾਂਦਾ ਅਤੇ ਸਭ ਤੋਂ ਵਡੇ ਪੁਜਾਰੀ ਨੂੰ ਜਿਹੜਾ ਉਹਨਾਂ ਦੀ ਬੋਲੀ ਵਿਚ ਕਾਜ਼ੀਆਂ ਦਾ ਸਰਦਾਰ ਹੁੰਦਾ ਸੀ ਲਿਆਂ ਲਈ ਗੋਡੇ ਟੇਕ ਦਿੰਦਾ ਤੇ ਬੈਠ ਜਾਂਦਾ ਤੇ ਆਖਦਾ, ਸਭ ਤੋਂ ਪਹਿਲਾਂ ਇਸ ਆਦਮੀ ਨੂੰ ਮੇਥੋਂ ਜੋ ਸ਼ਿਕਾਇਤ ਹੈ, ਉਸ ਦਾ ਇਨਸਾਫ਼ ਕਰ, ਕੋਈ ਰਿਆਇਤ ਜਾਂ ਲਿਹਾਜ਼ ਨਾ ਰਖੀਂ।

ਉਸ ਸਮੇਂ ਫੇਰ ਮੁਨਾਦੀ ਕੀਤੀ ਜਾਂਦੀ ਕਿ ਜਿਸ ਕਿਸੇ ਦਾ ਬਾਦਸ਼ਾਹ ਨਾਲ ਝਗੜਾ ਹੈ, ਉਹ ਪਹਿਲਾਂ ਆਵੇ ਤਾਂ ਜੋ ਉਸ ਦਾ ਝਗੜਾ ਪਹਿਲਾਂ ਨਿਪਟਾਇਆ ਜਾਵੇ। ਬਾਦਸ਼ਾਹ ਵਡੇ ਪੁਜਾਰੀ ਨੂੰ ਕਹਿੰਦਾ ਕਿ ਬਾਦਸ਼ਾਹ ਦੇ ਗੁਨਾਹ ਨਾਲੋਂ ਰੱਬ ਦੇ ਨਜ਼ਦੀਕ ਹੋਰ ਕੋਈ ਵੱਡਾ ਗੁਨਾਹ ਨਹੀਂ ਅਤੇ ਬਾਦਸ਼ਾਹ ਦੇ ਕਰਤੱਵ ਪਾਲਣ ਨਾਲੋਂ ਹੋਰ ਕੋਈ ਵੱਡੀ ਰੱਬੀ ਬਖ਼ਸ਼ਿਸ਼ ਨਹੀਂ ਤੇ ਪਰਜਾ ਦੀ ਰਾਖੀ ਕਰਨ ਨਾਲੋਂ ਕੋਈ ਵੱਡਾ ਕਰਤੱਵ ਨਹੀਂ। ਬਾਦਸ਼ਾਹ ਦਾ ਫ਼ਰਜ਼ ਹੈ ਕਿ ਉਹ ਪਰਜਾ ਨੂੰ ਇਨਸਾਫ਼ ਦੇਵੇ ਅਤੇ ਜ਼ਾਲਮਾਂ ਦਾ ਹੱਥ ਲੋਕਾਂ ਤਕ ਨਾ ਪੁਜਣ ਦੇਵੇ। ਜੇਕਰ ਬਾਦਸ਼ਾਹ ਜ਼ਾਲਮ ਹੋਵੇਗਾ ਫ਼ੌਜ ਉਸ ਤੋਂ ਵਧ ਜ਼ਾਲਮ ਹੋਵੇਗੀ ਤੇ ਰੱਬ ਨੂੰ ਭੁਲ ਜਾਵੇਗੀ ਤੇ



Sri Satguru Jagjit Singh Ji eLibrary NamdhariElibrary@gmail.com

ਹਰਾਮ ਦੀ ਕਮਾਈ ਕਰੇਗੀ। ਜ਼ਾਲਮਾਂ ਉਤੇ ਰੱਬ ਦਾ ਕਹਿਰ ਤੇ ਗੁਸਾ ਨਾਜ਼ਲ ਹੁੰਦਾ ਹੈ। ਥੋਹੜੇ ਹੀ ਸਮੇਂ ਵਿਚ ਦੇਸ਼ ਉਜੜ ਜਾਂਦਾ ਹੈ ਅਤੇ ਗੁਨਾਹਾਂ ਦੇ ਕਾਰਨ ਜਾਲਮ ਮਾਰੇ ਜਾਂਦੇ ਹਨ। ਬਾਦਸ਼ਾਹ ਉਥੋਂ ਹਟ ਜਾਂਦਾ। ਫਿਰ ਬਾਦਸ਼ਾਹ ਕਹਿੰਦਾ ਕਿ ਹੇ ਸੱਚ ਕਹਿਣ ਵਾਲੇ ਮਹਾ ਪੁਜਾਰੀ। ਵੇਖੀਂ ਕਿਤੇ ਮੇਰੀ ਥਾਂ ਆਪਣੇ ਆਪ ਨੂੰ ਨਾ ਰੱਖ ਲਵੀਂ, ਕਿਉਂਕਿ ਰੱਬ ਜੋ ਕੁਝ ਮੇਰੋਂ ਪੁਛਦਾ ਹੈ ਮੈਂ ਤੇਰੇ ਕੋਲੋਂ ਪੁਛਾਂਗਾ ਤੇ ਤੇਰੀ ਗਰਦਨ ਤੇ ਦੋਸ਼ ਰਖਾਂਗਾ। ਬੱਸ ਉਹ ਮਹਾਂ ਪੁਜਾਰੀ ਮਾਮਲੇ ਨੂੰ ਚੰਗੀ ਤਰ੍ਹਾਂ ਵੇਖਦਾ ਕਿ ਬਾਦਸ਼ਾਹ ਤੇ ਉਸ ਦੇ ਵਿਰੋਧੀ ਵਿਚ ਜੇਕਰ ਝਗੜੇ ਦੀ ਗਲ ਠੀਕ ਹੁੰਦੀ ਤਾਂ ਉਸ ਦਾ ਨਿਆਂ ਕਰਦਾ, ਉਸ ਦਾ ਹੱਕ ਉਸ ਨੂੰ ਦਿਵਾਉਂਦਾ। ਜੇ ਕਿਸੇ ਨੇ ਬਾਦਸ਼ਾਹ ਦੀ ਝੂਠੀ ਸ਼ਕਾਇਤ ਕੀਤੀ ਹੁੰਦੀ ਅਤੇ ਉਸ ਬਾਰੇ ਸਬੂਤ ਨਾ ਪੇਸ਼ ਕਰ ਸਕਦਾ ਤਾਂ ਉਸ ਨੂੰ ਕਰੜੀ ਸਜ਼ਾ ਦਿੰਦਾ ਅਤੇ ਆਖਦਾ ਕਿ ਇਹ ਸਜ਼ਾ ਉਸ ਆਦਮੀ ਦੀ ਹੈ ਜਿਸ ਨੇ ਬਾਦਸ਼ਾਹ ਅਤੇ ਉਸ ਦੇ ਰਾਜ ਵਿਚ ਬੇਅਰਥ ਹੀ ਦੋਸ਼ ਟੋਲਣ ਦੀ ਸਾਜ਼ਿਸ਼ ਕੀਤੀ ਹੈ।

ਜਦ ਬਾਦਸ਼ਾਹ ਨਿਆਂ ਤੋਂ ਵਿਹਲਾ ਹੁੰਦਾ ਤਾਂ ਤਖਤ ਉਤੇ ਆ ਬੈਠਦਾ ਤੇ ਤਾਜ ਆਪਣੇ ਸਿਰ ਤੇ ਰਖਦਾ ਅਤੇ ਆਪਣੇ ਸਰਦਾਰਾਂ ਤੇ ਹੋਰ ਲੋਕਾਂ ਵਲ ਮੂੰਹ ਕਰਕੇ ਕਹਿੰਦਾ, ਮੈਂ ਸ਼ਕਾਇਤ ਸੁਨਣ ਦੀ ਪਹਿਲ ਆਪਣੀ ਜ਼ਾਤ ਤੋਂ ਇਸ ਲਈ ਕੀਤੀ ਹੈ ਤਾਂ ਜੋ ਤੁਸੀਂ ਕਿਸੇ ਜ਼ੁਲਮ ਕਰਨ ਦਾ ਲਾਲਚ ਨਾ ਕਰੋ। ਅਜ ਜਿਹੜਾ ਵੀ ਤੁਹਾਥੋਂ ਤੰਗ ਆਇਆ ਹੋਇਆ ਹੈ ਜਾਂ ਜਿਸ ਨੂੰ ਤੁਹਾਡੇ ਨਾਲ ਨਰਾਜ਼ਗੀ ਹੈ, ਉਸ ਨੂੰ ਖੁਸ਼ ਕਰੋ। ਜਿਹੜਾ ਵੀ ਬਾਦਸ਼ਾਹ ਦੇ ਬਹੁਤ ਨੇੜੇ ਹੁੰਦਾ ਉਸ ਦਿਨ ਤੋਂ ਉਹ ਦੂਰ ਹੁੰਦਾ। ਯਜ਼ਦਗਰਦ ਨੇ ਆਪਣੇ ਬਜ਼ੁਰਗ ਦੀ ਰਸਮ ਬਦਲ ਦਿਤੀ ਅਤੇ ਜਹਾਨ ਵਿਚ ਭੈੜੀ ਪਿਰਤ ਪਾਈ। ਲੋਕਾਂ ਨੂੰ ਤੰਗ ਕਰਨ ਲਗਾ। ਲੋਕ ਦੁਖੀ ਹੋਏ ਤੇ ਉਸ ਦੇ ਵਿਰੁਧ ਗਿਰਣਾ ਵਧਦੀ ਗਈ। ਲੋਕ ਉਸ ਨੂੰ ਬਦ-ਅਸੀਸਾਂ ਦੇਣ ਲਗੇ। ਅਚਾਨਕ ਉਸ ਦੇ ਮਹਿਲਾਂ ਵਿਚ ਇਕ ਘੋੜਾ ਆ ਵੜਿਆ। ਉਹ ਘੋੜਾ ਬਹੁਤ ਸੁੰਦਰ ਸੀ। ਸਾਰੇ ਹੈਰਾਨ ਰਹਿ ਗਏ ਅਤੇ ਘੋੜੇ ਨੂੰ ਫੜਣ ਦਾ ਜਤਨ ਕਰਨ ਲਗੇ ਪਰ ਉਸ ਨੂੰ ਫੜ ਨਾ ਸਕੇ। ਅਖੀਰ ਉਹ ਘੋੜਾ ਯਜ਼ਦਗਰਦ ਦੇ ਸਾਹਮਣੇ ਆ ਕੇ ਚੁੱਪ ਚਾਪ ਖਲੋ ਗਿਆ। ਯਜ਼ਦਗਰਦ ਨੇ ਕਿਹਾ, ਨਹਿਰ ਇਹ ਰੱਬ ਨੇ ਮੇਰੇ ਲਈ ਤੋਹਫਾ ਭੇਜਿਆ ਹੈ। ਫਿਰ ਉਹ ਉਠਿਆ ਤੇ ਹੌਲੀ ਹੌਲੀ ਹੌਲੀ ਘੋੜੇ ਦੇ ਕੋਲ ਆਇਆ। ਉਸ ਦਾ ਮੱਥਾ ਫੜਿਆ ਤੇ ਉਸ ਦੇ ਮੂੰਹ ਤੇ ਹੱਥ ਫੇਰਨ ਲਗਾ। ਫਿਰ ਉਹ ਹੱਥ ਫੇਰਦਾ ਉਸ ਦੀ ਪਿੱਠ ਤਕ ਪੁੱਜ ਗਿਆ। ਘੋੜਾ ਬਿਲਕੁਲ ਨਾ ਹਿਲਿਆ ਤੇ ਚੁਪ ਚਾਪ ਖਲੋਤਾ ਰਿਹਾ। ਯਜ਼ਦਗਰਦ ਨੇ ਜ਼ੀਨ ਤੇ ਲਗਾਮ ਮੰਗਵਾਏ। ਉਹ ਚਾਹੁੰਦਾ ਸੀ ਕਿ ਲਗਾਮ ਉਸ ਦੇ ਮੂੰਹ ਵਿਚ ਪਾਵੇ ਤੇ ਕਾਠੀ ਉਸ ਦੀ ਪਿੱਠ ਤੇ ਰੱਖੇ। ਫੇਰ ਉਸ ਘੋੜੇ ਦਾ ਤੰਗ ਕਸਿਆ ਤੇ ਪਿਛੋਂ ਦੀ ਹੋ ਕੇ ਤਾਹਰੂ ਪਾਉਣ ਲਗਾ ਕਿ ਅਚਾਨਕ ਘੋੜਾ ਕੁੱਦਿਆ ਅਤੇ ਯਜ਼ਦਗਰਦ ਦੇ ਸਿਰ ਨੂੰ ਟੱਕਰ ਮਾਰੀ ਤੇ ਉਸ ਨੂੰ ਥਾਂ ਤੇ ਹੀ ਮਾਰ ਦਿਤਾ। ਘੋੜਾ ਬਾਹਰ ਨਿਕਲ ਗਿਆ ਤੇ ਕਿਸੇ ਨੂੰ ਨਾ ਲੱਭਾ। ਲੋਕ ਕਹਿੰਦੇ ਹਨ ਕਿ ਉਹ ਘੋੜਾ ਫਰਿਸ਼ਤਾ ਸੀ ਤੇ ਰੱਬ ਨੇ ਭੇਜਿਆ ਸੀ ਕਿ ਪਰਜਾ ਨੂੰ ਜ਼ਾਲਮ ਬਾਦਸ਼ਾਹ (ਯਜ਼ਦਗਰਦ) ਦੇ ਹਥੋਂ ਨਜਾਤ ਦਿਲਾਵੇ।









Sri Satguru Jagjit Singh Ji eLibrary NamdhariElibrary@gmail.com

# ਆਮ ਸਟੋਰੀ

—ਜਗਦੀਸ਼ ਸਿੰਘ

ਰਾਜੇ ਦੀ ਮੰਡੀ ਜੰਮੂ ਵਿਚਲੀ ਸਾਰੀ ਭੀੜ ਹੀ ਇਕ ਪਾਸੇ ਵਲ ਨੂੰ ਕੱਠੀ ਹੋ ਗਈ। ਛੋਟੀ ਹੰਗਾਮਾ ਹੋ ਗਿਆ ਸੀ ਪਰ ਅਜੇ ਪਤਾ ਨਹੀਂ ਸੀ ਲਗ ਰਿਹਾ।

ਕੀ ਹੋਇਆ ਜੀ ?

ਕੋਈ ਪਤਾ ਨਹੀਂ।

ਸ਼ੈਤ ਕੋਈ ਦੰਗਾ ਫਸਾਦ ਹੋ ਗਿਐ।

ਰਾਜੇ ਦੀ ਮੰਡੀ ਕਿਸੇ ਵੇਲੇ ਜੰਮੂ ਦੇ ਰਾਜੇ ਦੇ ਮਹੱਲ ਤੇ ਦਫ਼ਤਰ ਹੁੰਦੇ ਸਨ ਅਜ ਵੀ ਲੋਕ ਜਦੋਂ ਜੰਮੂ ਜਾਂਦੇ ਹਨ ਤਾਂ ਰਾਜੇ ਦੀ ਮੰਡੀ ਨੂੰ ਵੇਖਣ ਖਾਸ ਥਾਂ ਜਾਣ ਕੇ ਇਥੇ ਜਾਂਦੇ ਹਨ। ਹੁਣ ਰਾਜੇ ਦੀ ਮੰਡੀ ਕੇਵਲ ਨਾਂ ਦੀ ਹੈ ਅਸਲ ਵਿਚ ਇਥੇ ਸਰਕਾਰੀ ਦਫ਼ਤਰ ਹਨ। ਜੰਮੂ ਦੀ ਹਾਈਕੋਰਟ ਵੀ ਏਥੇ ਹੀ ਹੈ, ਛੋਟੀਆਂ ਅਦਾਲਤਾਂ ਵੀ। ਇੰਕਮ ਟੈਕਸ, ਸੇਲਜ਼ ਟੈਕਸ ਦੇ ਦਫ਼ਤਰ ਵੀ ਏਥੇ ਹਨ। ਵੱਡੇ ਤੋਲਣ ਵਾਲਿਆਂ ਤੋਂ ਲੈ ਕੇ ਸੂਚਨਾ ਤੇ ਪਰਚਾਰ ਦੇ ਮਹਿਕਮੇ ਵੀ ਏਥੇ ਹਨ। ਇਹਨਾਂ ਦਫ਼ਤਰਾਂ ਵਿਚ ਆਉਣ ਵਾਲੇ ਬਾਬੂਆਂ ਤੋਂ ਇਲਾਵਾ ਜਨਤਾ ਦੀ ਸਾਰੀ ਦਿਹਾੜੀ ਬਹੁਤ ਆਉਂਦੀ ਹੈ। ਤਵੀ ਦਰਿਆ ਦੇ ਕੋਲ ਘੇਰੇ ਵਿਚ ਘਿਰੀ ਉਚੀ ਰਾਜੇ ਦੀ ਮੰਡੀ ਦਾ ਸਾਰਾ ਜਲਵਾ ਏਸੇ ਰੌਲੇ ਵਿਚ ਗਵਾਚਿਆ ਰਹਿੰਦਾ ਹੈ। ਮੁਕਦਮਿਆਂ 'ਚੋਂ ਵਿਹਲੇ ਹੋਏ ਕਈ ਕਚਾਈ ਲੋਕ ਰਾਜੇ ਦੀ ਮੰਡੀ ਦੇ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰ ਲੈਂਦੇ ਹਨ। ਫੇਰ ਆਪਣੇ ਕੰਮ ਵਿਚ ਮਗਨ ਹੋ ਜਾਂਦੇ ਹਨ। ਵਕੀਲਾਂ ਦਾ ਕਮਰਾ ਸਿਗਰਟਾਂ ਦੇ ਧੂਏਂ ਨਾਲ ਭਰਿਆ ਰਹਿੰਦਾ ਹੈ ਤੇ ਟਾਈਪਿਸਟਾਂ ਦੀ ਟੱਕ ਟੱਕ ਆਪਣੀਆਂ ਧੁਨਾਂ ਕਢਦੀ ਰਹਿੰਦੀ ਹੈ। ਅਖ਼ਬਾਰਾਂ ਵਾਲਿਆਂ ਨੂੰ ਵੀ ਖ਼ਬਰਾਂ ਦੀਆਂ ਖਿੜਕਾਂ ਏਥੇ ਹੀ ਮਿਲਦੀਆਂ ਹਨ। ਰੋਜ਼ ਕੋਈ ਨਾ ਕੋਈ ਸਟੋਰੀ ਤਾਂ ਬਣ ਹੀ ਜਾਂਦੀ ਹੈ। ਠੀਕ ਢੰਗ ਨਾਲ ਕਹਿਣਾ ਹੋਵੇ ਤਾਂ ਸਟੋਰੀ ਕਿਤੇ ਹੋਰ ਥਾਂ ਬਣਦੀ ਹੈ ਏਥੇ ਤਾਂ ਆ ਕੇ ਨਸ਼ਰ ਹੁੰਦੀ ਹੈ ਤੇ ਫੇਰ ਪਤਾ ਨਹੀਂ ਕਿਥੇ ਤੱਕ ਪੁਜਦੀ ਹੈ।

ਪਰ ਅੱਜ ਤਾਂ ਔਰ ਕਚਹਿਰੀਆਂ ਦੇ ਸਾਹਮਣੇ ਹੀ ਸਰਕਾਰੀ ਦਫ਼ਤਰਾਂ ਦੇ ਘੇਰੇ ਵਿਚ ਹੰਗਾਮਾ ਹੋ ਗਿਆ ਸੀ। ਖ਼ਬਰੇ ਦੋ ਪਾਰਟੀਆਂ 'ਚ ਫ਼ੌਜਦਾਰੀ ਹੋ ਗਈ ਸੀ। ਇਕ ਔਰਤ ਦੀ ਚੀਕਦੀ ਆਵਾਜ਼ ਆਉਣ ਨਾਲ ਲੋਕਾਂ ਦੀ ਖਿੱਚ ਹੋਰ ਵੀ ਵਧ ਗਈ ਸੀ। ਜੇ ਕਿਸੇ ਵੀ ਹੰਗਾਮੇ ਵਿਚ ਔਰਤ ਹੋਵੇ ਤਾਂ ਲੋਕਾਂ ਦੀ ਦਿਲਚਸਪੀ ਤਾਂ ਇਕ ਦਮ ਇੰਜ ਹੀ ਵਧ ਜਾਂਦੀ ਹੈ ਪਰ ਜੇ ਉਹ ਉਚੀ ਉਚੀ ਲਲਕਾਰੇ ਮਾਰ ਰਹੀ ਹੋਵੇ ਤਾਂ ਮਾਮਲਾ ਹੋਰ ਵੀ ਵੇਖਣ ਵਾਲਾ ਬਣਦਾ ਹੈ।

ਹਜੂਮ ਬਹੁਤ ਇਕੱਠਾ ਹੋ ਗਿਆ ਸੀ। ਪਤਾ ਕੁਝ ਲਗ ਨਹੀਂ ਸੀ ਰਿਹਾ। ਹੁਣ ਔਰਤ ਦੇ ਨਾਲ ਮਰਦ ਦੀਆਂ ਘੁਰਕਾਂ ਦੀ ਆਵਾਜ਼ ਆ ਰਹੀ ਸੀ।

ਥੋੜ੍ਹੀ ਦੇਰ ਬਾਅਦ ਕੁਝ ਲੋਕ ਮੁਸਕਰਾਉਂਦੇ ਹੋਏ ਭੀੜ ਦੇ ਧੁਰ ਅੰਦਰੋਂ ਬਾਹਰ ਆਉਣ ਲਗੇ। ਉਹ ਕਹਿਣ ਇਹ ਤਾਂ ਜੀ ਇਹਨਾਂ ਦੀ ਆਮ ਸਟੋਰੀ ਹੈ। ਹੌਲੀ ਹੌਲੀ ਗੱਲ ਦਾ ਪਤਾ ਲਗਣਾ ਸ਼ੁਰੂ ਹੋ ਗਿਆ ਸੀ। ਇਹ ਵੀ ਪਤਾ ਲਗਣ ਲਗ ਪਿਆ ਕਿ ਕੋਈ ਬਹੁਤ ਹੰਗਾਮੇ ਵਾਲੀ ਗਲ ਨਹੀਂ। ਇਹ ਜੋ ਔਰਤ ਦੀ ਆਵਾਜ਼ ਆ ਰਹੀ ਸੀ ਇਹ ਕਿਥੋਂ ਦੇ ਇਕ ਮਾਮੂਲੀ ਮਹਿਕਮੇ ਦੇ ਚਪੜਾਸੀ ਦੀ ਵਹੁਟੀ ਸੀ। ਮਹਿਕਮੇ ਨੂੰ ਮਾਮੂਲੀ ਕੇਵਲ ਏਸੇ ਕਰਕੇ ਹੀ ਕਿਹਾ ਗਿਆ ਕਿਉਂਕਿ ਏਥੋਂ ਦੇ ਚਪੜਾਸੀਆਂ ਨੂੰ ਕੋਈ ਉਤਲੀ ਆਮਦਨੀ ਨਹੀਂ ਸੀ, ਜਿਵੇਂ ਇੰਕਮ ਜਾਂ ਸੇਲਜ਼ ਟੈਕਸ ਦੇ ਚਪੜਾਸੀਆਂ ਨੂੰ ਹੋ ਸਕਦੀ ਹੈ। ਪਰ ਇਸ ਚਪੜਾਸੀ ਨੇ ਘਰ ਵਾਲੀ ਨਾਲ ਵਾਇਦਾ ਕੀਤਾ ਸੀ ਕਿ ਉਹ ਆਪਣੇ ਮੁੰਡੇ ਵਾਸਤੇ ਕੋਈ ਰਕਮ ਦਾ ਪਰਬੰਧ ਕਰੇਗਾ। ਘਰ ਵਿਚ ਕਈ ਦਿਨਾਂ ਦਾ ਰੇੜਕਾ ਸੀ ਅਤੇ ਅਜ ਇਹ ਔਰਤ ਦਫ਼ਤਰ ਵਿਚ ਹੀ ਆ ਗਈ। ਇਹ ਅੱਗੇ ਵੀ ਆਉਂਦੀ ਹੀ ਸੀ ਪਰ ਅਜ ਚਪੜਾਸੀ ਨੂੰ ਅਜਿਹਾ ਗੁੱਸਾ ਆਇਆ ਕਿ ਉਸ ਨੇ ਘਰਵਾਲੀ ਅਤੇ ਆਪਣੇ ਮੁੰਡੇ ਨੂੰ ਬਹੁਤ ਕੁਟਾਪਾ ਚਾੜ੍ਹਿਆ। ਪਤਾ ਨਹੀਂ ਉਸ ਤੇ ਕੀ ਪਾਗਲਪਣ ਸਵਾਰ ਹੋ ਗਿਆ ਸੀ। ਉਹਦੀ ਮਾਰ ਤੋਂ ਘਰਵਾਲੀ ਨੇ ਰੌਲਾ ਪਾ ਦਿਤਾ ਉਹ ਘਰਵਾਲੇ ਨੂੰ ਗਾਲ੍ਹਾਂ ਵੀ ਕਢੇ ਤੇ ਦੁਹਥੜੀਂ ਪਿਟੇ ਵੀ ਤੇ ਬਚਾਅ ਵਾਸਤੇ ਹਾੜੇ ਕਢੇ—

ਮੀਆਂ ਬੀਵੀ ਦੀ ਨਿਤ ਹੁੰਦੀ ਲੜਾਈ ਦਾ ਹੀ ਦ੍ਰਿਸ਼ ਸੀ ਕੋਈ ਖ਼ਾਸ ਸਟੋਰੀ ਨਹੀਂ ਸੀ। ਉਹ ਕਈ ਵਾਰ ਲੜੇ ਸਨ ਤੇ ਹਰ ਵਾਰ ਮੰਨੇ ਸਨ। ਬਹੁਤੇ ਤਮਾਸ਼ਬੀਨ ਹੀ ਸਨ ਜੋ ਔਰਤ ਨੂੰ ਵੇਖਣ ਆਏ ਸਨ। ਮਹਿਕਮੇ ਦੇ ਕੁਝ ਵਾਕਫ਼-



Sri Satguru Jagjit Singh Ji eLibrary NamdhariElibrary@gmail.com

ਕਾਰ ਉਹਨਾਂ ਨੂੰ ਢੂੰਡਾ ਰਹੇ ਸਨ ਤੇ ਝੱਖਾ ਜਿਵੇਂ ਕਿਵੇਂ ਖ਼ਤਮ ਹੋ ਗਿਆ ਸੀ।

ਅੰਤ ਇਸ ਵੱਲੋਂ ਜਦੋਂ ਲੋਕਾਂ ਦੀ ਉਤਸੁਕਤਾ ਇਸ ਮਾਮਲੇ ਵਿਚ ਖ਼ਤਮ ਹੋ ਰਹੀ ਸੀ, ਸਾਹਮਣੇ ਮੈਜਿਸਟਰੇਟ ਸਾਹਿਬ ਦੀ ਕਚਹਿਰੀ ਵਿਚੋਂ ਦੋ ਪਿਆਦੇ ਤੇ ਇਕ ਸਿਪਾਹੀ ਆਉਂਦਾ ਨਜ਼ਰ ਆਇਆ। ਇਹਨਾਂ ਆਉਂਦਿਆਂ ਹੀ ਹੁਕਮ ਸੁਣਾਇਆ ਕਿ ਜੱਜ ਸਾਹਿਬ ਦਾ ਹੁਕਮ ਹੈ ਕਿ ਹੰਗਾਮਾਕਾਰੀਆਂ ਨੂੰ ਉਹਨਾਂ ਸਾਹਮਣੇ ਪੇਸ਼ ਕਰੋ। ਪਰ ਦੋਵੇਂ ਫਰੀਕ ਇਸ ਗੱਲ ਵਾਸਤੇ ਤਿਆਰ ਨਹੀਂ ਸਨ। ਹੁਣ ਦੋਹਾਂ ਨੂੰ ਹੀ ਹੋਸ਼ ਆ ਗਈ ਲਗਦੀ ਸੀ। ਉਹ ਔਰਤ ਜੋ ਹੁਣੇ ਹੀ ਆਪਣੇ ਖ਼ਸਮ ਤੋਂ ਕੁੱਟ ਖਾਂਦੀ ਹੋਈ ਉਹਨੂੰ ਕੋਸ ਰਹੀ ਸੀ, ਜਿਹੜੀ ਲੋਕਾਂ ਦੇ ਸਾਹਮਣੇ ਗਲਾ ਪਾੜ-ਪਾੜ ਕੇ ਉਸਨੂੰ ਜ਼ਾਲਮ ਤੇ ਬੇਰਹਿਮ ਸਾਬਤ ਕਰ ਰਹੀ ਸੀ ਯਕਦਮ ਬਦਲ ਗਈ। ਹੁਣ ਉਹ ਤਰਲੇ ਕਰਨ ਲਗ ਪਈ: "ਵੇ ਵੀਰਾ ਇਹਨੂੰ ਜਾਣ ਦਿਓ।" ਇਹਨੂੰ ਕਦੀ ਕਦੀ ਪਾਗਲਪਣ ਦਾ ਦੌਰਾ ਪੈਂਦਾ ਹੁੰਦੈ ਤੇ ਇੰਜ ਹੀ ਕਰਦੈ।" ਹੁਣ ਪਿਆਦੇ ਤੇ ਸਿਪਾਹੀ 'ਮੁਲਜ਼ਮ' ਨੂੰ ਖਿੱਚ ਖਿੱਚ ਕੇ ਜੱਜ ਦੀ ਕਚਹਿਰੀ ਵਲ ਲਈ ਜਾ ਰਹੇ ਸਨ ਪਰ ਉਹ ਔਰਤ ਵਾਸਤੇ ਪਾਉਂਦੀ ਜਾ ਰਹੀ ਸੀ ਕਿ ਇਹਨੂੰ ਛੱਡ ਦਿਓ। ਇਹਨੇ ਜਾਣ ਬੁਝ ਕੇ ਕੁਝ ਨਹੀਂ ਕੀਤਾ ਸਗੋਂ ਇਹ ਪਾਗਲ ਹੋ ਗਿਆ ਸੀ।

ਪਿਆਦੇ ਕਹਿਣ ਹੁਣ ਤਾਂ ਜੱਜ ਸਾਹਿਬ ਦਾ ਹੁਕਮ ਹੈ ਅਸਾਂ ਤਾਂ ਲੈ ਕੇ ਜਾਣਾ ਹੀ ਹੈ।

ਜਦੋਂ ਇਹ ਸਾਰੇ ਫਰੀਕ ਅੰਦਰ ਚਲੇ ਗਏ ਤਾਂ ਬਾਹਰ ਕੁਝ ਲੋਕ ਕਾਰਵਾਈ ਦੀ ਖ਼ਬਰ ਉਤਸੁਕਤਾ ਨਾਲ ਉਡੀਕਣ ਲਗੇ।

ਥੋੜ੍ਹੀ ਦੇਰ ਬਾਦ ਇਕ ਪਿਆਦਾ ਲਾਲ ਰੰਗੀ ਬਿਲਡਿੰਗ 'ਚੋਂ ਮੂੰਹ ਸੁੱਟੀ ਬਾਹਰ ਨਿਕਲਿਆ, ਲੋਕਾਂ ਪੁਛਿਆ ਕੀ ਹੋਇਆ ਭਾਈ—

ਜੀ ਮੈਂ ਤਾਂ ਉਹਨੂੰ ਬਥੇਰਾ ਆਖਿਆ ਪਈ ਤੁਸੀਂ ਜੱਜ ਸਾਹਬ ਦੇ ਪੈਰੀਂ ਪੈ ਜਾਓ। ਉਹ ਔਰਤ ਤਾਂ ਇਹ ਹੀ ਕਹੀ ਜਾਵੇ ਇਹ ਪਾਗਲ ਹੈ ਇਸ ਨੂੰ ਮਾਫ਼ ਕਰੋ।

ਜੱਜ ਸਾਹਿਬ ਨੇ ਹੁਕਮ ਸੁਣਾਇਆ ਏ ਪਈ ਇਹਦਾ ਡਾਕਟਰੀ ਮੁਆਇਨਾ ਕਰਾਓ। ਜੇ ਇਹ ਪਾਗਲ ਏ ਤਾਂ ਪਾਗਲਖਾਨੇ ਭੇਜੋ, ਜੇ ਠੀਕ ਏ ਤਾਂ ਜੇਹਲ ਵਿਚ ਸੁੱਟੋ। ਹੁਣ ਦਸੋ ਮੈਂ ਕੀ ਕਰ ਸਕਦਾਂ। ×

ਨਾ ਕਾਸੀ ਮਤਿ ਊਪਜੈ
ਨਾ ਕਾਸੀ ਮਤਿ ਜਾਇ
ਸਤਗੁਰ ਮਿਲਿਐ ਮਤਿ ਊਪਜੈ
ਤਾਂ ਇਹ ਸੋਝੀ ਪਾਇ

—ਗੂਜਰੀ ਮ: ੩

— — —

ਗੰਗਾ ਤੀਰ ਜੁ ਘਰ ਕਰਹਿ
ਪੀਵਹਿ ਨਿਰਮਲ ਨੀਰ
ਬਿਨ ਹਰਿ ਭਗਤਿ ਨ ਮੁਕਤਿ ਹੋਇ
ਇਉ ਕਹਿ ਰਮੇ ਕਬੀਰ

ਫਨ : ੭੨੮੬੯
੭੪੭੩੦

ਨਾਮਧਾਰੀ ਟੈਂਟ ਹਾਊਸ

ਹਮੀਦੀਆ ਰੋਡ

ਭੋਪਾਲ (ਮ: ਪ੍ਰ:)



Sri Satguru Jagjit Singh Ji eLibrary NamdhariElibrary@gmail.com

ਸਿਲਸਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਨਵੰਬਰ ੧੯੭੮ ਅੰਕ ਦੇਖੋ)

**੨੭ ਸਤੰਬਰ ੧੯੭੮ ਬੁਧਵਾਰ**
**(ਚਲਦਾ ਪਰਸੰਗ ਜਲੰਧਰ ਸੰਤ ਪਿਆਰਾ ਸਿੰਘ ਦੇ ਭੋਗ ਸਮੇਂ...)**

—ਅੱਜ, ਸ. ਰਛਪਾਲ ਸਿੰਘ ਪਾਲ ਦੇ ਪਿਤਾ ਸੰਤ ਪਿਆਰਾ ਸਿੰਘ ਨਮਿਤ ਭੋਗ ਪੈਣ ਸਮੇਂ ਸਤਿਗੁਰੂ ਜੀ ਮੁਕੇਰੀਆਂ ਤੋਂ ਜਲੰਧਰ ਆਏ। ਆਪ ਜੀ ਦੀ ਤਾਬਿਆ ਸੰਤ ਮਹਿੰਦਰ ਸਿੰਘ ਪ੍ਰਧਾਨ, ਸੰਤ ਕਿਰਪਾਲ ਸਿੰਘ ਭੰਬਰ, ਲਾਂਗਰੀ ਸੰਤ ਬਲਦੇਵ ਸਿੰਘ ਅਤੇ ਧਰਮਪਾਲ ਸਿੰਘ ਵੀ ਏਥੇ ਆਏ ਹੋਏ ਸਨ।

**ਸਤਵੰਤ ਸਿੰਘ ਜਲੰਧਰ**

ਗੁਰੂ ਕਾ ਲੰਗਰ ਬੜੇ ਉਤਸ਼ਾਹੀ ਨੌਜਵਾਨਾਂ ਸਤਵੰਤ ਸਿੰਘ ਅਤੇ ਅਜਮੇਰ ਸਿੰਘ ਦੇ ਘਰ, ਰਣਜੀਤ ਨਗਰ (ਜਲੰਧਰ) ਵਿਚ ਹੋਇਆ। ਸ੍ਰ: ਪਾਲ ਦਾ ਘਰ ਵੀ ਇਨ੍ਹਾਂ ਦੇ ਨਜ਼ਦੀਕ ਹੀ ਹੈ।

ਸ: ਸਤਵੰਤ ਸਿੰਘ ਤੋਂ ਇਹਨਾਂ ਦੇ ਘਰ ਦੀ ਕੁਝ ਜਾਣਕਾਰੀ ਲਈ। ਮੈਂ ਵੇਖਿਆ ਸਤਿਗੁਰੂ ਜੀ ਨਾਲ ਹੋਰ ਆਈ ਸੰਗਤ ਦੀ ਵੀ, ਇਹ ਪਰਵਾਰ ਪ੍ਰੇਮ ਪੂਰਵਕ ਸੇਵਾ ਕਰ ਰਿਹਾ ਸੀ। ਸਤਵੰਤ ਸਿੰਘ ਦੀ ਮਾਤਾ ਤੇ ਭੈਣਾਂ ਖੁਲ੍ਹਾ ਲੰਗਰ ਤਿਆਰ ਕਰ ਰਹੀਆਂ ਸਨ। ਸਤਵੰਤ ਸਿੰਘ ਅਤੇ ਅਜਮੇਰ ਸਿੰਘ ਇੱਧਰ ਉਧਰ ਦੇ ਕੰਮਾਂ ਵਿਚ ਭੱਜ-ਨੱਠ ਕਰ ਰਹੇ ਸਨ।

ਸਤਵੰਤ ਸਿੰਘ ਤੋਂ ਮਿਲੀ ਵਾਕਫੀ ਮੁਤਾਬਕ ਇਨ੍ਹਾਂ ਦੇ ਪਰਵਾਰ ਦੀ ਕਹਾਣੀ ਇਸ ਤਰ੍ਹਾਂ ਹੈ:

ਇਨ੍ਹਾਂ ਦੇ ਪਿਤਾ ਸ. ਸੁਖਦੇਵ ਸਿੰਘ ਅਫਰੀਕਾ ਵਿਚ ੧੯੩੯ ਤੋਂ ਲੈ ਕੇ ੧੯੬੬ ਤਕ ਰਹੇ। ਫਿਰ ਭਾਰਤ ਆ ਗਏ। ਡੇਢ ਸਾਲ ਰਹਿ ਕੇ ਫਿਰ ਅਫਰੀਕਾ ਚਲੇ ਗਏ ਜਿਥੇ ੩ ਸਾਲਾਂ ਪਿਛੋਂ ਉਨ੍ਹਾਂ ਦੀ ਮਿਰਤੂ ੨੩ ਅਕਤੂਬਰ ੧੯੭੦ ਵਿਚ ਹੋ ਗਈ। ਸੁਖਦੇਵ ਸਿੰਘ ਅਫਰੀਕਾ ਵਿਚ ਸਰਵਿਸ ਕਰਦੇ ਸਨ।



ਸਤਿਗੁਰੂ ਜਗਜੀਤ ਸਿੰਘ ਜੀ

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ੧੯੫੩ ਵਿਚ, ਪਹਿਲੀ ਵਾਰ, ਅਫਰੀਕਾ ਵਿਚ ਦਰਸ਼ਨ ਦਿਤੇ, ਉਦੋਂ ਸੁਖਦੇਵ ਸਿੰਘ ਹੁਰਾਂ ਸਮੇਤ ਪਰਵਾਰ ਭਜਨ ਪੁਛਿਆ, ਅੰਮ੍ਰਿਤ ਛਕਿਆ। ਪਹਿਲਾਂ ਇਨ੍ਹਾਂ ਦਾ ਪ੍ਰੇਮ ਸੰਤ ਮੋਹਣ ਸਿੰਘ ਨਾਲ ਵੀ ਰਿਹਾ। ਸ: ਸੁਖਦੇਵ ਸਿੰਘ ਦੀ ਪਤਨੀ ਦਾ ਨਾਮ ਬੀਬੀ ਹਰਬੰਸ ਕੌਰ ਹੈ ਤੇ ਸੁਖਦੇਵ ਸਿੰਘ ਹੁਰਾਂ ਦਾ ਦੁਆਬੇ ਵਿਚ ਪਿੰਡ ਦੁਸਾਂਝ ਕਲਾਂ (ਜਲੰਧਰ) ਹੈ।

ਸ: ਸੁਖਦੇਵ ਸਿੰਘ ਦਾ ਵਡਾ ਲੜਕਾ ਸ: ਅਮਰੀਕ



Sri Satguru Jagjit Singh Ji eLibrary NamdhariElibrary@gmail.com

ਸਿੰਘ ਚੰਗੇਰੀ ਦੀ ਫੈਕਟਰੀ, ਕਰਾਚੀ, ਕੀਨੀਆ ਵਿਚ ਕੰਮ ਕਰਦਾ ਹੈ। ਸ: ਰਾਜਪਾਲ ਸਿੰਘ ਨੈਰੋਬੀ ਵਿਚ ਆਰਕੀਟੈਕਟ ਹੈ। ਅਮਰਜੀਤ ਸਿੰਘ ਤੀਜਾ ਲੜਕਾ ਹੈ ਜੋ ਲੰਡਨ (ਯੂ.ਕੇ.) ਵਿਚ ਸੁਪਰਵਾਈਜ਼ਰ ਹੈ, ਚੌਥਾ ਸਪੁੱਤਰ ਸ: ਸਰਵੰਤ ਸਿੰਘ, ਜੀ.ਐਸ. ਇੰਡਸਟ੍ਰੀਜ਼ ਵਿਚ ਅਸਿਸਟੈਂਟ ਇੰਜਨੀਅਰ ਹੈ। ਸਭ ਤੋਂ ਛੋਟਾ ਅਜਮੇਰ ਸਿੰਘ ਹੈ ਜੋ ਅੰਮ੍ਰਿਤਸਰ ਵਿਚ ਐਮ. ਸੀ.ਬੀ. ਐਸ. ਦਾ ਕੋਰਸ ਕਰ ਰਿਹਾ ਹੈ।

ਸਰਵੰਤ ਸਿੰਘ ਹੁਰਾਂ ਦੀ ਮਾਤਾ ਹਰਬੰਸ ਕੌਰ ਦੇ ਪੇਕੇ ਜਲੰਧਰ ਜ਼ਿਲੇ ਦਾ ਪਿੰਡ ਖਾਨਖਾਨਾ ਹੈ। ਪਿਤਾ ਦਾ ਨਾਮ ਸ: ਪੂਰਨ ਸਿੰਘ ਹੈ, ਪਰ ਉਹ ਨਾਮਧਾਰੀ ਨਹੀਂ ਹਨ।

ਸਰਵੰਤ ਸਿੰਘ ਆਪਣੇ ਭਰਾਵਾਂ ਦੀਆਂ ਤਿੰਨ ਭੈਣਾਂ ਹਨ। ਵੱਡੀ ਅਵਤਾਰ ਕੌਰ, ਜਿਹੜੀ ਅਫਰੀਕਾ ਵਿਚ ਵਿਆਹੀ ਹੋਈ ਹੈ। ਜਸਵੀਰ ਕੌਰ ਅਤੇ ਜਗਜੀਤ ਕੌਰ।

ਸੁਖਦੇਵ ਸਿੰਘ ਜੀ ਹਰ ਗੱਲ ਸਤਿਗੁਰੂ ਜੀ ਦੀ ਆਗਿਆ ਲੈ ਕੇ ਕਰਦੇ ਸਨ। ਸਾਰੇ ਬੱਚਿਆਂ ਨੂੰ ਸਿੱਧੀਆਂ ਦਸਤਾਰਾਂ ਕਰਵਾਈਆਂ ਹਨ। ਸ: ਅਮਰਜੀਤ ਸਿੰਘ ਅਤੇ ਸ: ਰਾਜਪਾਲ ਸਿੰਘ ਦੀਆਂ ਦਸਤਾਰਾਂ ਬਾਰੇ ਸਤਿਗੁਰੂ ਜੀ ਨੂੰ ਬਾਰ ਬਾਰ ਸਵਾਲਿਤ ਕਰਕੇ ਪੱਕੇ ਤੌਰ ਤੇ ਸਿੱਧੀਆਂ ਦਸਤਾਰਾਂ ਕਰਵਾਈਆਂ। ਜਲੰਧਰ ਵਾਲੀ ਇਹ ਜਗਾਹ ਵੀ ਸਤਿਗੁਰੂ ਜੀ ਦੀ ਆਗਿਆ ਨਾਲ ਹੀ ਖਰੀਦੀ ਗਈ।

ਪਿਤਾ ਦੇ ਸੰਜਮਸ਼ੀਲ ਤੇ ਸਤਿਗੁਰੂ ਪਿਆਰ ਵਿਚ ਰੱਤੇ ਰਹਿਣ ਕਾਰਨ ਸਾਰੇ ਪਰਵਾਰ ਵਿਚ ਸਾਧ ਸੰਗਤ ਤੇ ਸਤਿਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਕਾਇਮ ਹੈ।

**ਦੀਵਾਨ ਵਿਚ**

—ਇਕ ਵਰੀ ਨੇ ਸ: ਪਾਲ ਦੇ ਪਿਤਾ ਨਮਿਤ ਪਏ ਭੋਗ ਦੀ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੂੰ ਚਰਨ ਵੰਦਨਾ ਕੀਤੀ ਤੇ ਚਾਰ ਤੁਕਾਂ ਬੈਂਤਾਂ ਦੀਆਂ ਕਹੀਆਂ। ਮੈਨੂੰ ਦੋ ਅੰਤਮ ਤੁਕਾਂ ਹੀ ਪਤਾ ਲਗ ਸਕੀਆਂ :

ਜਿਹੜਾ ਏਸ ਦਰਬਾਰ ਦਾ ਮੰਗਤਾ ਏ
ਉਹਤੋਂ ਸ਼ਾਹ ਥੱਲੇ, ਸ਼ਹਿਨਸ਼ਾਹ ਥੱਲੇ।
ਦੱਸੋ, ਹੋਰ ਕੀ ਸਿਰੇ ਦੀ ਗੱਲ ਆਖਾਂ
ਚੌਦਾਂ ਤਬਕ ਨੇ ਇਹਦੀ ਨਿਗਾਹ ਥੱਲੇ।

—ਸਤਿਗੁਰੂ ਜੀ ਨੇ ਪਾਸ ਬੈਠੇ ਸਿਆਸੀ ਨੇਤਾਵਾਂ ਨਾਲ ਗੱਲਬਾਤ ਕਰਦਿਆਂ ਪੰਡਿਤ ਗੋਪਾਲ ਸਿੰਘ ਜੀ ਦੀ ਪ੍ਰਸ਼ੰਸਾ ਕੀਤੀ ਕਿ ਇਹਨਾਂ ਨੇ ਇਕ ਵਾਰ ਪ੍ਰਬੰਧਕਾਂ ਦੇ ਕਹਿਣ ਤੇ ਗੁਰਦੁਆਰਾ ਸੰਨ੍ਹ ਸਾਹਿਬ ਦੀਵਾਨ ਲਗਾਇਆ। ਸਤਿਗੁਰੂ ਨਾਨਕ ਦੇਵ ਜੀ ਨੂੰ ਧੰਨ ਆਖਣਾ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਧੰਨ ਅਖਵਾਇਆ। ਆਪਣੇ ਕਥਨ ਦੁਆਰਾ ਸਰੋਤਿਆਂ ਦੇ ਮਨ ਮੋਹ ਲਏ। ਭਾਵੇਂ ਕੁਝ ਅਖਬਾਰਾਂ ਵਾਲੇ ਫਿਰਕੂ ਅਮਨ ਨੂੰ ਖਰਾਬ ਕਰਨ ਦਾ ਲਗਾਤਾਰ ਜਤਨ ਕਰਦੇ ਰਹਿੰਦੇ ਹਨ ਤਾਂ ਵੀ ਲੋਕ ਪਰਸਪਰ ਸਨੇਹ ਨੂੰ ਕਾਇਮ ਰਖਣ ਵਾਲੇ ਮਿਲ ਜਾਂਦੇ ਹਨ।

ਸਤਿਗੁਰੂ ਜੀ ਨੇ ਆਪਣਾ ਇਕ ਪਹਾੜਾਂ ਦਾ ਅਨੁਭਵ ਦਸਿਆ ਕਿ ਪਿਛਲੇ ਦਿਨੀਂ ਕੁੱਲੂ ਗਿਆਂ ਬੁੰਤਰੋਂ ਕੁਝ ਸਿੰਘ ਗੁਰਦੁਆਰੇ ਦਰਸ਼ਨ ਦੇਣ ਦੀ ਬੇਨਤੀ ਕਰਨ ਆਏ। ਇਹਨਾਂ ਦੇ ਉੱਤਰ ਵਿਚ ਸਤਿਗੁਰੂ ਜੀ ਬਚਨ ਕੀਤਾ : ਕਿਸੇ ਦੇ ਘਰ ਜਾ ਦੀਵਾਨ ਲਾਵਾਂਗੇ। ਗੁਰਦੁਆਰੇ ਵਿਚ ਦੀਵਾਨ ਨਾਲ ਕਿਸੇ ਦੇ ਮਨ ਨੂੰ ਤਕਲੀਫ਼ ਨਾ ਪਹੁੰਚੇ। ਉਨ੍ਹਾਂ ਵਿਚੋਂ ਇਕ ਸਿੰਘ ਨੇ ਕਿਹਾ : ਮਹਾਰਾਜ, ਤੁਸੀਂ ਦਸ ਗੁਰੂ ਪਹਿਲਾਂ ਗਿਣਕੇ ਹੀ ਅੱਗੇ ਨਾਮ ਲਓਗੇ, ਸੋ ਸਾਡੇ ਗੁਰੂ ਤਾਂ ਪਹਿਲਾਂ ਹੀ ਸਤਿਕਾਰੇ ਜਾਣਗੇ, ਇਸ ਵਿਚ ਰੌਲਾ ਕੇਹਾ ?

ਸਤਿਗੁਰਾਂ ਸਮਝਾਇਆ ਕਿ ਜਿਨ੍ਹਾਂ ਨੇ ਮਿਲਣ ਦੇ ਰਾਹ ਕੱਢਣੇ ਹੋਣ ਉਹ ਕੱਢ ਹੀ ਲੈਂਦੇ ਹਨ।

**ਬੁਲੀਨੇ ਦਾ ਅਕਾਲੀ**

—ਅੱਜ ਦੀਵਾਨ ਸਮੇਂ ਪਿੰਡ ਬੁਲੀਨੇ (ਜਲੰਧਰ) ਦਾ ਇਕ ਬਹੁਤ ਬਿਰਧ ਨੀਲੀ ਪਗੜੀ ਵਾਲਾ ਸਿੰਘ ਸ: ਮਿਲਖਾ ਸਿੰਘ ਵੀ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਆਇਆ। ਉਸਨੇ ਆਦਰ ਪੂਰਵਕ ਨਮਸਕਾਰ ਕਰਕੇ ਦੱਸਿਆ : ਅਸੀਂ ਇਕ ਵਾਰ ਭੈਣੀ ਸਾਹਿਬ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਲੜਨ ਗਏ ਸਾਂ। ਪਰ ਉਨ੍ਹਾਂ ਦੇ ਵਤੀਰੇ ਨੇ ਐਸਾ ਮੋਹ ਲਿਆ ਕਿ ਅਸੀਂ ਵਾਪਸ ਸਤਿਗੁਰੂ ਜੀ ਦਾ ਪਿਆਰ ਲੈ ਕੇ ਆਏ। ਲਾਹੌਰ ਵਿਚ ਰਹਿੰਦਿਆਂ ਬਾਬਾ ਧਿਆਨ ਸਿੰਘ ਪੱਬਰਾਂ ਵਾਲਿਆਂ (ਮਹਾਰਾਜ ਨਿਹਾਲ ਸਿੰਘ—ਗੁਰਦਿਆਲ ਸਿੰਘ ਜੀ ਦਾ ਸਹੁਰਾ ਪਰਵਾਰ) ਨਾਲ ਸਾਡਾ ਪਿਆਰ ਹੋ ਗਿਆ। ਅੱਜ ਕੀਹਾਂ ਹੀ ਸਾਲਾਂ ਪਿਛੋਂ ਫਿਰ ਆਪ ਜੀ ਦੇ ਦਰਸ਼ਨਾਂ ਦਾ ਅਵਸਰ ਮਿਲਿਆ ਹੈ।

**ਡਰੋ ਨਾ**

—ਪੰਜਾਬ ਦੀ ਮਾਰਕਸੀ ਪਾਰਟੀ ਦਾ ਇਕ ਮੈਂਬਰ ਡਾ: ਸਰਦਾਰ ਸਿੰਘ ਚੀਮਾ ਤੇ ਇਕ ਚੰਗਾ ਸ਼ਾਇਰ ਫ਼ਕੀਰ ਚੰਦ ਤੁਲੀ, ਸਤਿਗੁਰੂ ਜੀ ਦੀ ਸੇਵਾ ਵਿਚ ਪਹੁੰਚਿਆ। ਮੋਹਿਆ ਗਿਆ। ਉਸਨੂੰ ਜ਼ਰਾ ਡਰ ਜਿਹਾ ਲਗਦਾ ਸੀ ਨੇੜੇ ਹੋਣੋਂ।



Sri Satguru Jagjit Singh Ji eLibrary NamdhariElibrary@gmail.com

ਘੜੀ ਮੁੜੀ ਸਿਰ ਤੇ ਰੁਮਾਲ ਸੰਭਾਲਦਾ ਸੀ। ਸਤਿਗੁਰਾਂ ਬਚਨ ਕੀਤਾ : ਏਨਾ ਡਰਨ ਦੀ ਲੋੜ ਨਹੀਂ। ਨਹੀਂ ਟਿਕਦਾ ਸਿਰ ਤੇ ਰੁਮਾਲ, ਨਾ ਟਿਕੇ, ਤੁਸੀਂ ਸੰਭਾਲ ਲਓ। ਮੈਂ ਸਮਝ ਲਿਆ ਹੈ ਕਿ ਤੁਹਾਡੀ ਅਦਬ ਸਤਿਕਾਰ ਦੀ ਭਾਵਨਾ ਹੈ।

ਪਿਛੋਂ ਜਾਕੇ ਸ੍ਰੀ ਕੁਲੀ ਨੇ ਜਗਦੀਸ਼ ਸਿੰਘ ਆਫ "ਵਰਿਆਮ" ਨੂੰ ਦੱਸਿਆ ਕਿ ਉਸਦੀ ਪ੍ਰੀਤ ਸਤਿਗੁਰਾਂ ਨਾਲ ਲਗ ਗਈ ਹੈ। ਰਾਤ ਸੁਪਨਿਆਂ ਵਿਚ ਨਾਲ ਹੀ ਰਹੀਦਾ ਹੈ। ਪਰ ਉੱਚੀ ਨਹੀਂ ਕਿਸੇ ਨੂੰ ਦੱਸਣਾ...।

**ਪਾਲ ਦੇ ਘਰ**

—ਜਦੋਂ ਦੀਵਾਨ ਵਿਚੋਂ ਸ: ਪਾਲ ਦੇ ਘਰ ਦਰਸ਼ਨ ਦਿਤੇ ਅਤੇ ਸਾਰੇ ਪਰਵਾਰ ਦੇ ਜੀਆਂ ਦੀ ਵਾਕਫ਼ੀ ਹਾਸਲ ਕੀਤੀ ਤਾਂ ਉਨ੍ਹਾਂ ਸਭਨਾਂ ਨੂੰ ਆਗਿਆ ਕੀਤੀ ਕਿ ਜੇ ਉਹਨਾਂ ਵਿਚੋਂ ਕਿਸੇ ਨੇ ਭਜਨ ਨਹੀਂ ਸੀ ਲਿਆ ਤਾਂ ਉਹ ਲੈ ਲਵੇ। ਸਾਰੇ ਹੀ ਜੀਅ ਜਿਵੇਂ ਵੀ ਹੋਣ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰਨ। ਜਿਥੇ ਜਿਥੇ ਵੀ ਜਾਣ ਭਜਨ ਕਰਨ ਤੇ ਕਰਵਾਣ। ਮਾਸ, ਸ਼ਰਾਬ, ਅੰਡੇ ਆਦਿ ਦੀ ਵਰਤੋਂ ਤੋਂ ਆਪ ਬਚਕੇ ਬੱਚਿਆਂ ਨੂੰ ਬਚਾਇਆ ਜਾਵੇ ਅਤੇ ਉਨ੍ਹਾਂ ਲਈ ਆਦਰਸ਼ ਬਣਿਆ ਜਾਵੇ।

—ਪਾਲ ਦੇ ਘਰੋਂ ਵਿਦਾ ਹੋ ਕੇ ਸ੍ਰੀ ਸਤਿਗੁਰੂ ਜੀ ਸ: ਗੁਰਟੇਕ ਸਿੰਘ, ਜਨਤਾ ਕੋਲਡ ਸਟੋਰਜ਼, ਮਾਡਲ ਟਾਊਨ, ਜਲੰਧਰ ਵਾਲਿਆਂ ਦੀ ਕੋਠੀ ਪਧਾਰੇ। ਜਦੋਂ ਨੂੰ ਮੈਂ ਅਤੇ ਸ੍ਰੀ ਜਗਦੀਸ਼ ਸਿੰਘ ਉਥੇ ਪਹੁੰਚੇ, ਆਪ ਜੀ ਉਠਣ ਨੂੰ ਤਿਆਰ ਸਨ। ਸਾਰਾ ਪਰਵਾਰ ਬਾਹਰਲੇ ਵਰਾਂਡੇ ਵਿਚ ਸ੍ਰੀ ਸਤਿਗੁਰੂ ਜੀ ਦੇ ਨਿਕਟ ਬੈਠਾ ਹੋਇਆ ਸੀ। ਦਸ ਕੁ ਮਿੰਟ ਦਰਸ਼ਨ ਦੇ ਕੇ ਆਪ ਜੀ ਸ੍ਰੀ ਭੈਣੀ ਸਾਹਿਬ ਨੂੰ ਵਿਦਾ ਹੋ ਗਏ। ਇਸ ਸਮੇਂ ੫-੧੫ ਲਉਢੇ ਪਹਿਰ ਦੇ ਹੋ ਚੁਕੇ ਸਨ।

## ੨੯ ਸਤੰਬਰ ੧੯੭੮ ਸ਼ੁਕਰਵਾਰ
## ਨਵੀਂ ਦਿਲੀ

ਬੀਤੀ ਰਾਤੀਂ ਜਲੰਧਰੋਂ ਫਲਾਇੰਗ ਮੇਲ ਤੇ ਸਫ਼ਰ ਕਰਕੇ ਮਸਾਂ ਹੀ ਘਰ ਰਾਤੀਂ ੧੧ ਵਜੇ ਪਹੁੰਚਾ। ਮੇਰੇ ਬੱਚੇ ਮਨਦੀਪ ਸਿੰਘ ਉਸਦੀ ਪਤਨੀ ਹੁਕਿੰਦਰ ਕੌਰ ਸਵੇਰੇ ਆਸਾ ਦੀ ਵਾਰ ਸੁਣਨ ਦਾ ਪ੍ਰੋਗਰਾਮ ਬਣਾਈ ਬੈਠੇ ਸਨ। ਆਸਾ ਦੀ ਵਾਰ "ਜੈਸੰਨ" ਵਾਲੇ ਸ- ਜੁਗਿੰਦਰ ਸਿੰਘ ਦੇ ਘਰ ਹਰੀ ਨਗਰ ਵਿਚ ਲਗਣੀ ਸੀ।

ਸਵੇਰੇ ੫-੪੫ ਤੇ ਸਤਿਗੁਰੂ ਜੀ ਨੇ ਸੰਤ ਸੁਖਚਰਨ ਸਿੰਘ ਹੁਰਾਂ ਨੂੰ ਤੇ ਸ੍ਰੀ ਗੁਰਮੀਤ ਸਿੰਘ ਸਪੁਤਰ ਸੰਤ ਜੁਗਿੰਦਰ ਸਿੰਘ ਜੀ ਨੂੰ ਮੈਨੂੰ ਲੈ ਆਉਣ ਲਈ ਗੱਡੀ ਭੇਜਣ ਦੀ ਕ੍ਰਿਪਾ ਕੀਤੀ।

**ਹਰੀ ਨਗਰ ਵਿਚ ਹਰੀ**

ਹਰੀ ਨਗਰ ਵਿਚ ਸਵੇਰ ਦੀ ਮੱਧਮ ਰੌਸ਼ਨੀ ਹੁੰਦਿਆਂ ਹੀ ਮੈਂ ਪਹੁੰਚ ਗਿਆ। ਨਾਮਧਾਰੀ ਸੰਗਤਾਂ ਸੈਂਕੜਿਆਂ ਦੀ ਤਾਦਾਦ ਵਿਚ, ਹਥੀਂ ਮਾਲਾ ਫੜੀ, ਗੁਰਬਾਣੀ ਦਾ ਕੀਰਤਨ ਮਗਧ ਮਨ ਸੁਣ ਰਹੀਆਂ ਸਨ। ਸਫ਼ੇਦ ਪੰਡਾਲ ਤੇ ਸਫ਼ੇਦ ਦਸਤਰਾਂ ਵਿਚ ਸੰਗਤ, ਨਿਰੀ ਬੈਕੁੰਠ ਹੀ ਤਾਂ ਸੀ। ਵਾਰ ਦਾ ਕੀਰਤਨ ਕਰਨ ਵਾਲੇ ਸਨ, ਉਸਤਾਦ ਹਰਭਜਨ ਸਿੰਘ, ਸ੍ਰੀ ਗੁਰਦੇਵ ਸਿੰਘ (ਸਰੋਦ) ਤੇ ਸੁਖਵਿੰਦਰ ਸਿੰਘ ਪਿੰਕੀ (ਤਬਲਾ)। ਸ੍ਰੀ ਸਤਿਗੁਰੂ ਜੀ ਨੇ ਨਿਤ ਵਾਂਗ ਅਗਵਾਈ ਕੀਤੀ। ਸੂਰਜ ਦੇ ਪ੍ਰਕਾਸ਼ ਹੋਣ ਤੋਂ ਪਹਿਲੇ ਹੀ ਗੱਡੀ ਦੀ ਵਾਰ ਦਾ ਪਾਠ ਕਰ ਲਿਆ ਗਿਆ, ਅਰਦਾਸ ਭਾਵੇਂ ਚੜ੍ਹਾਅ ਨਾਲ ਹੀ ਕੀਤੀ ਗਈ।

ਸਤਿਗੁਰੂ ਜੀ ਦੇ ਗਿਰਦ ਅੱਜ ਇਹਨਾਂ ਵਿਅਕਤੀਆਂ ਦਾ ਘੇਰਨਾ ਸੀ : ਸੂਬਾ ਗੰਡਾ ਸਿੰਘ ਜੀ, ਠਾਕੁਰ ਸ਼ਮਸ਼ੇਰ ਸਿੰਘ ਜੀ, ਸੰਤ ਮਹਿੰਦਰ ਸਿੰਘ ਖਾਲੀ ਨਗਰ, ਸੰਤ ਕਰਤਾਰ ਸਿੰਘ ਸੋਂਧੀ, ਸੰਤ ਅਮਰ ਸਿੰਘ ਨਿਹਮਾਣ, ਡਾ: ਅਮਰ ਭਾਰਤੀ ਸ- ਹੰਸਪਾਲ, ਗਿਆਨੀ ਜਸਵੰਤ ਸਿੰਘ, ਸੰਤ ਮਹਿੰਦਰ ਸਿੰਘ ਪ੍ਰਚਾਰਕ ਤੇ ਪ੍ਰੀਤਮ ਸਿੰਘ ਕਵੀ।

੬-੧੫ ਵਜੇ ਵਾਰ ਦਾ ਭੋਗ ਪੈ ਗਿਆ। ਪੂਰਬੇ ਦੁਆਰਾ ਕੀਤੀ ਅਰਦਾਸ ਉਪਰੰਤ, ਦਿੱਲੀ ਦੇ ਅਕਾਲੀ ਲੀਡਰ ਸ: ਅਵਤਾਰ ਸਿੰਘ 'ਹਿਤ' ਤਕਰੀਰ ਕਰਨ ਲਈ ਖਲੋਤੇ। ਇਸੇ ਦੌਰਾਨ ਸੂਬਾ ਗੰਡਾ ਸਿੰਘ ਜੀ ਦੇ ਸਪੁਤਰ ਹਰਦਰਸ਼ਨ ਸਿੰਘ ਨੇ ਇਕ ਟੋਕਰਾ ਫਲਾਂ ਦਾ ਮੱਥਾ ਟੇਕ ਆਪਣੇ ਪੋਤੇ ਗੁਰਦਿਆਲ ਸਿੰਘ ਨੂੰ ਦਸਤਾਰ ਬੰਦੀ ਲਈ ਪੇਸ਼ ਕੀਤਾ। ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਪਹਿਲੇ ਪੇਚ ਬੰਨ੍ਹੇ।

**ਅਵਤਾਰ ਸਿੰਘ ਹਿਤ**

ਅਕਾਲੀ ਆਗੂ, ਉੱਚਾ ਲੰਮਾ ਭਰਪੂਰ ਜੁਆਨ, ਅਜ ਖੁਲ੍ਹੇ ਦਾੜ੍ਹੇ ਤੇ ਦਾਰਚੀਨੀ ਰੰਗ ਦੇ ਕਪੜਿਆਂ ਵਿਚ ਹੇਠ ਲਿਖੇ ਸ਼ਬਦ ਕਹਿ ਰਿਹਾ ਹੈ (ਸੰਖੇਪ) :

—ਅਸੀਂ ਸਾਰੇ ਵਡਭਾਗੇ ਹਾਂ ਜਿਨ੍ਹਾਂ ਅੱਜ ਉੱਤਮ ਅਤੇ ਮਹਾਨ ਪੁਰਸ਼ਾਂ ਦੇ ਦਰਸ਼ਨ ਕੀਤੇ ਹੇ ਅਮ੍ਰਿਤ ਵੇਲੇ ਤੋਂ ਕੀਰਤਨ ਸੁਣਿਆ ਹੈ।



Sri Satguru Jagjit Singh Ji eLibrary NamdhariElibrary@gmail.com

—ਸੱਚਾ ਸੰਤ, ਸੱਚਾ ਮਹਾਪੁਰਖ ਅਤੇ ਸੱਚਾ ਗੁਰੂ ਉਹੋ ਹੈ ਜੋ ਕਲਿਜੁਗ ਵਿਚ ਆਪ ਨਾਮ ਜਪੇ ਅਤੇ ਜਪਾਵੇ, ਕੀਰਤਨ ਕਰੇ ਤੇ ਕਰਵਾਵੇ।

—ਜਿਥੇ ਜਾਕੇ ਮਨ ਨੂੰ ਸ਼ਾਂਤੀ ਮਿਲ ਜਾਏ ਉਥੇ ਸਚਾਈ ਦਾ ਇਕ ਰੂਪ ਨਜ਼ਰ ਆਉਂਦਾ ਹੈ। ਜਿਸਨੂੰ ਏਥੇ ਆਕੇ ਵੀ ਸ਼ਾਂਤੀ ਨਹੀਂ ਮਿਲਦੀ, ਉਸਨੂੰ ਕਿਤੇ ਵੀ ਨਹੀਂ ਮਿਲਦੀ।

—ਨਾਮਧਾਰੀ ਮਰਿਆਦਾ ਅਤੇ ਸਰੂਪ ਦੇ ਦਰਸ਼ਨ ਸਾਨੂੰ ਸੰਤ ਜੁਗਿੰਦਰ ਸਿੰਘ ਜੀ ਨੇ ਹੀ ਕਰਵਾਏ ਹਨ।

—ਅਸੀਂ ਆਪਣੇ ਗੁਰਦੁਆਰਿਆਂ ਵਿਚ ਉਸ ਰਹਿਤ ਤੇ ਨਹੀਂ ਚਲਦੇ ਜੋ ਸਾਨੂੰ ਸਾਡੇ ਸਤਿਗੁਰਾਂ ਦੱਸੀ ਹੋਈ ਹੈ।

—ਹਰੀ ਨਗਰ ਵਿਚ ਰਾਮਗੜ੍ਹੀਆ ਭਵਨ ਦੀ ਨੀਂਹ ਸਤਿਗੁਰੂ ਜੀ ਦੇ ਨਿਵਾਜੇ ਹੋਏ ਸੱਜਣਾਂ ਨੇ ਰੱਖੀ ਹੈ।

—ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਘਰ ਘਰ ਲਗਣੀ ਚਾਹੀਦੀ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਗੁਰੂ ਰਾਮ ਸਿੰਘ ਜੀ ਨੇ ਹੀ ਸਿਖੀ ਸਰੂਪ ਨੂੰ ਕਾਇਮ ਕੀਤਾ ਤੇ ਰਖਿਆ। ਇਸ ਗੱਲ ਤੇ ਕਿਸੇ ਅਕਾਲੀ, ਹਿੰਦੂ ਜਾਂ ਹੋਰ ਧਰਮ ਵਾਲੇ ਨੂੰ ਇਨਕਾਰ ਨਹੀਂ ਹੋ ਸਕਦਾ। ਗੁਰੂ ਰਾਮ ਸਿੰਘ ਜੀ ਦੀ ਤਸਵੀਰ ਘਰ ਘਰ ਲਗਣੀ ਹੀ ਚਾਹੀਦੀ ਹੈ।

—ਜਿਵੇਂ ਸਤਿਗੁਰੂ (ਸ੍ਰੀ ਸਤਿਗੁਰੂ ਜਗਜੀਤ ਸਿੰਘ) ਜੀ ਨੇ ਦਿੱਤ-ਦਾਜ ਤੋਂ ਬਿਨਾ ਸਸਤੀਆਂ ਸ਼ਾਦੀਆਂ ਦੀ ਰੀਤ ਤੋਰੀ ਹੋਈ ਹੈ, ਇਸਨੂੰ ਸਰਕਾਰਾਂ ਅਪਣੇ ਕਾਨੂੰਨਾਂ ਦੁਆਰਾ ਨਹੀਂ ਚਲਾ ਸਕਦੀਆਂ।

—ਸਤਿਗੁਰਾਂ ਦੇ ਦੱਸੇ ਹੋਏ ਉਹ ਸਾਰੇ ਵਿਹਾਰ ਸੁੱਚੇ ਤੇ ਸੱਚੇ ਹਨ ਜਿਨ੍ਹਾਂ ਤੇ ਚੱਲਿਆਂ ਅਸੀਂ ਸਾਰੇ ਹੀ ਸੁਖ ਪ੍ਰਾਪਤ ਕਰ ਸਕਦੇ ਹਾਂ।

—ਏਥੇ, ਨਾਮਧਾਰੀ ਦੀਵਾਨ ਵਿਚ, ਬਾਣੀ ਨੂੰ ਮੱਥਾ ਟੇਕਿਆ ਗਿਆ, ਬਾਣੀ ਦਾ ਕੀਰਤਨ ਕੀਤਾ ਗਿਆ, ਬਾਣੀ ਦਾ ਪਰਚਾਰ ਕੀਤਾ ਗਿਆ, ਇਹ ਚੰਗੇ ਭਾਗਾਂ ਬਿਨਾਂ ਨਹੀਂ ਹੋ ਸਕਦਾ।

—ਸਤਿਗੁਰੂ ਰਾਮ ਸਿੰਘ ਜੀ ਦੇ ਵਿਚਾਰਾਂ ਦਾ ਪਰਚਾਰ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ। ਕਾਂਗਰਸ ਵੀ ਇਹਨਾਂ ਦੇ ਨਕਸ਼ੇ ਕਦਮ ਤੇ ਚੱਲੀ। ਗਾਂਧੀ ਜੀ ਨੇ ਵੀ ਇਹਨਾਂ ਤੋਂ ਸਿਖਿਆ। ਗੁਰੂ ਰਾਮ ਸਿੰਘ ਜੀ ਦੀ ਦੇਸ਼ ਹਿਤ ਕੁਰਬਾਨੀ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ।

—ਸਤਿਗੁਰੂ ਜੀ ਨੂੰ ਬੇਨਤੀ ਹੈ ਕਿ ਉਹ ਸਾਨੂੰ ਗੁਰੂ ਰਾਮ ਸਿੰਘ ਜੀ ਦੀ ਆਦਮ ਕੱਦ ਮੂਰਤੀ ਦੇਣ ਤੇ ਫਿਰ ਆਪ ਸਥਾਪਤ ਕਰਨ ਰਾਮਗੜ੍ਹੀਆ ਭਵਨ ਦੇ ਹਾਲ ਵਿਚ।

ਸ: ਅਵਤਾਰ ਸਿੰਘ ਹਿਤ ਦੇ ੧੫ ਮਿੰਟ ਦੇ ਵਿਆਖਿਆਨ ਬਾਦ ਸ੍ਰੀ ਸਤਿਗੁਰੂ ਜੀ ਨੇ ਅਮ੍ਰਿਤ ਬਚਨਾਂ ਦੀ ਬਰਖਾ ਕੀਤੀ। ਆਪ ਜੀ ਦੇ ਕਥਨ ਦੇ ਸੰਖੇਪ ਨੁਕਤੇ ਇਹ ਹਨ:

## ਸ੍ਰੀ ਸਤਿਗੁਰੂ ਜੀ

—ਸ: ਅਵਤਾਰ ਸਿੰਘ ਜੀ ਤੋਂ ਤੁਸਾਂ ਜੋ ਕੁਝ ਸੁਣਿਆ ਹੈ ਉਸ ਤੋਂ ਪਤਾ ਲਗਦਾ ਹੈ ਕਿ ਇਹਨਾਂ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਬਹੁਤ ਹਿਤ ਹੈ।

ਜਿੰਨਾ ਕੁਝ ਇਹਨਾਂ ਨੇ ਸਾਡੇ ਬਾਰੇ ਆਖਿਆ ਹੈ ਜੇ ਅਸੀਂ ਅਪਣੀਆਂ ਖ਼ਾਮੀਆਂ ਕਢਕੇ ਉਹੋ ਜਿਹੇ ਬਣ ਜਾਈਏ ਤਾਂ ਇਹ ਚੰਗਾ ਪਰਚਾਰ ਤੇ ਹੋ ਜਾਂਦਾ ਹੈ।

ਮਿਲਿ ਮਿਲਿ ਸਖੀ ਗੁਣ ਕਹੁ ਮੇਰੇ ਪ੍ਰਭ ਕੇ
ਲੇ ਸਤਿਗੁਰ ਕੀ ਮਤਿ ਧੀਰ।

—ਹੁਣ "ਘਰ ਘਰ ਅੰਦਰ ਧਰਮਸਾਲ" ਨਹੀਂ, ਸਿਆਸਤ ਹੀ ਘਰ ਕਰੀ ਜਾਂਦੀ ਹੈ। ਪਰ ਅਸੀਂ, ਗੁਰੂ ਨਾਨਕ ਦੇਵ ਜੀ ਤੇ ਇਤਕਾਦ ਰਖਣ ਵਾਲੇ 'ਬੁਰਿਆਂ ਨਾਲ ਭਲਾਈ ਕਰਨ ਦੀ ਜਾਚ ਸਿੱਖੀਏ ਤਾਂ ਹੀ ਸੁਆਦ ਹੈ।

—ਅਸੀਂ ਆਪਣੇ ਸੱਜਣਾਂ ਮਿੱਤਰਾਂ ਉਤੇ ਜੇ ਏਨਾ ਕੁ ਵੀ ਪ੍ਰਭਾਵ ਰਖ ਲਈਏ ਕਿ ਅਸਾਂ ਉਨ੍ਹਾਂ ਪਾਸੋਂ ਤਾਂ ਹੀ ਖਾਣਾ ਪੀਣਾ ਹੈ ਜੇ ਉਹ ਮਾਸ ਸ਼ਰਾਬ ਨਾ ਵਰਤਣ ਤਾਂ 'ਜਣੇ ਜਣੇ ਦੀ ਲੱਕੜੀ ਇਕ ਜਣੇ ਦਾ ਬੋਝ,' ਵਾਂਗ ਕੰਮ ਬਹੁਤ ਹੋ ਜਾਂਦਾ ਹੈ।

—ਬਚਿਆਂ ਨੂੰ ਘਰਾਂ ਵਿਚ ਨਿੰਦਾ ਚੁਗਲੀ ਤਿਆਗ ਦੀ ਤਾਂ ਭਜਨ ਬਾਣੀ ਤੇ ਰਲਕੇ ਸਿਮਰਨ ਕਰਨ ਦੀ ਆਦਤ ਪਾਓ ਤਾਕਿ ਸਕੂਲਾਂ ਵਿਚੋਂ ਜੋ ਗਲਤ ਗਲਾਂ ਸਿਖ ਕੇ ਆਉਂਦੇ ਹਨ ਉਸਦਾ ਅਸਰ ਨਾਲੋਂ ਨਾਲ ਜ਼ਾਇਲ ਹੁੰਦਾ ਰਹੇ।

—ਗੁਰੂ ਵਲੋਂ ਜੋ ਕੋਈ ਵੀ ਸੋਚ ਆਉਂਦੀ ਹੈ, ਭਾਵੇਂ ਉਹ ਉਲਟਾ ਨਾਮ ਹੀ ਕਿਉਂ ਨਾ ਹੋਵੇ, ਜੀਆਂ ਲਈ ਕਲਿਆਣਕਾਰੀ ਹੁੰਦਾ ਹੈ।

—ਅਜ ਕਲ ਕਰਾਮਾਤਾਂ ਦੀ ਵਿਰੋਧਤਾ ਕਰਨ ਦਾ ਰਿਵਾਜ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਮਗਰ ਖੜਾਂਵ ਲਾਕੇ ਜੋ ਕੁਝ ਵਖਾਇਆ ਉਹ ਕੀ ਸੀ? ਕੁੱਤੇ ਦੇ ਸਿਰ ਤੇ ਸੋਟੀ ਰਖ ਕੇ ਜੋ ਗਿਆਨ ਕਰਵਾਇਆ ਗਿਆ, ਉਸ ਨੂੰ ਕੀ ਸਮਝੀਏ? ਇਹ ਸਾਰੀਆਂ ਕਰਾਮਾਤਾਂ ਹਨ ਤੇ ਜੇ ਸਤਿਗੁਰੂ ਦੀ ਕਲਾ ਹੋਵੇ ਤਾਂ ਇਹ ਸੁਤੇ ਸਿਧ ਹੀ ਹੋ ਜਾਂਦੀਆਂ ਹਨ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਇਕ ਸ਼ਹਿਰ ਦੀ ਗੱਲ

ਗੱਲ ਉਸ ਸ਼ਹਿਰ ਦੀ ਹੈ ਜਿਥੇ ਸੜਕਾਂ ਨੂੰ ਸਵੇਰੇ ਨੁਹਾਇਆ ਜਾਂਦਾ ਹੈ, ਜਿਸ ਦਾ ਸੱਭ ਤੋਂ ਲੰਮਾ ਐਵੇਨੀਊ ਇਕ ਦਰਿਆ ਹੈ, ਜਿਹੜਾ ਘਟੋ ਘੱਟ ਅਸੀ ਕਿਲੋਮੀਟਰ ਤਾਂ ਸ਼ਹਿਰ ਵਿਚੋਂ ਹੀ ਲੰਘਦਾ ਹੈ, ਜਿਥੇ ਏਨੇ ਬਿਰਛ-ਬੂਟੇ ਤੇ ਝਾੜੀਆਂ ਹਨ ਜਿੰਨੇ ਦੁਨੀਆ ਦੇ ਕਿਸੇ ਹੋਰ ਸ਼ਹਿਰ ਵਿਚ ਨਹੀਂ, ਜਿਥੋਂ ਦੇ ਬਾਗ ਬਗੀਚਿਆਂ ਨੇ ਸਮੁੱਚੇ ਇਲਾਕੇ ਦਾ ਚਾਲ੍ਹੀ ਫੀਸਦੀ ਆਪਣੇ ਕਲਾਵੇ ਵਿਚ ਲੈ ਰਖਿਆ ਹੈ, ਜਿਥੋਂ ਦੇ ਹਰ ਸ਼ਹਿਰੀ ਪਿੱਛੇ ਚੁਤਾਲੀ ਵਰਗ ਮੀਟਰ ਹਰਿਆਲੀ ਹੈ, ਜਿਥੋਂ ਦੇ ਸਵੱਛ-ਸਾਫ਼ ਤਲਾਵਾਂ, ਦਰਿਆ ਦੀਆਂ ਉਪ ਨਦੀਆਂ ਨਾਲ ਮਿਲਕੇ ਅਲੌਕਿਕ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ, ਇਕ ਅਜਿਹਾ ਰੂਪ ਨਿਖਾਰਦੇ ਹਨ ਜਿਸ ਵਿਚੋਂ ਨਿਕਲਦੀਆਂ ਤੇ ਵਗਦੀਆਂ ਹਨ ਸਾਫ਼-ਸਵੱਛ ਨਿਰਮਲ ਪੌਣ ਦੀਆਂ ਲਹਿਰਾਂ।

ਜੰਗਲਾਂ ਦੇ ਖ਼ੂਬਸੂਰਤ ਘੇਰੇ ਵਿਚ ਘਿਰੇ ਇਸ ਸ਼ਹਿਰ ਨੂੰ "ਕਾਟਨ ਸਿਟੀ", "ਸੂਤੀ ਕਪੜੇ ਦਾ ਸ਼ਹਿਰ" ਆਖਿਆ ਜਾਂਦਾ ਸੀ, ਪਰ ਅੱਜ ਇਥੇ ਨਵੀਨਤਮ ਦੇਵ-ਕੱਦ ਸਨਅਤਾਂ ਦਾ ਜਾਲ ਵਿਛਿਆ ਹੈ। ਗਿਆਨ, ਵਿਗਿਆਨ ਅਤੇ ਕੁਦਰਤ ਦੇ ਸੁਮੇਲ ਨੇ ੮੭੯.੫ ਵਰਗ ਮੀਟਰ ਰਕਬੇ ਵਿਚ ਵਸਦੇ, ਪਚਾਸੀ ਲੱਖ ਤੋਂ ਉਪਰ ਵਾਸੀਆਂ ਲਈ ਅੱਜ ਦੀ ਦੁਨੀਆ ਵਿਚ ਸਰਵੋਤਮ ਜਲ-ਵਾਯੂ ਦੀ ਵਿਵਸਥਾ ਕਰ ਰਖੀ ਹੈ।

ਸ਼ਹਿਰ ਇਹ ਉਹ ਹੈ ਜੋ ਆਧੁਨਿਕ ਵੀ ਹੈ ਪਰ ਜਿਸ ਨੇ ਆਪਣੇ ਇਤਿਹਾਸ ਦੇ ਅਮੀਰ ਅੰਗਾਂ ਨੂੰ ਯਾਦਗਾਰਾਂ ਵਜੋਂ ਸੰਭਾਲ ਕੇ ਰਖਿਆ ਹੋਇਆ ਹੈ, ਜਿਸ ਦੇ ਨਿਰਮਾਣ ਵਿਚ ਇਸ ਦੀਆਂ ਹੁਸੀਨ ਪਰੰਪਰਾਵਾਂ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ ਅਤੇ ਨਵੀਨਤਾ ਦੀਆਂ ਲੋੜਾਂ ਨੂੰ ਵੀ। ਜਿਸਦੀ ਨਿਰਮਾਣ ਕਲਾ ਨੇ ਉਸ ਨੂੰ ਇਕ ਵਿਸ਼ੇਸ਼ ਵਿਲੱਖਣਤਾ, ਵਿਸ਼ੇਸ਼ ਚਰਿਤਰ ਪ੍ਰਦਾਨ ਕਰ ਰਖਿਆ ਹੈ।

ਅਤੇ ਇਹ ਇਕ ਉੱਘਾ ਸਭਿਆਚਾਰਕ ਕੇਂਦਰ ਵੀ ਹੈ, ਜਿਥੋਂ ਦੇ ਨਾਗਰਿਕ ਕਲਾ-ਪ੍ਰੇਮੀ ਤੇ ਪੁਸਤਕ ਸਨੇਹੀ ਹਨ, ਜਿਥੋਂ ਦੇ ਥੀਏਟਰ, ਸਿਨੇਮੇ, ਸੰਗੀਤ ਦੇ ਮੇਲੇ ਠੇਲੇ, ਲਾਇਬਰੇਰੀਆਂ, ਸਭਿਆਚਾਰਕ ਪਿੜ ਦੀਆਂ ਸ਼ਖ਼ਸੀਅਤਾਂ ਦੀਆਂ ਉੱਘੀਆਂ ਯਾਦਗਾਰਾਂ, ਆਪਣੇ ਵਾਸੀਆਂ ਦੇ ਸੁਹਜ-ਸੁਆਦ ਦੀ ਉਚਤਾ ਤੇ ਉਤਮਤਾ ਦਾ ਪਤਾ ਦੇਂਦੇ ਹਨ। ਜਿਥੋਂ ਦੇ ਲੋਕਾਂ ਨੂੰ ਆਪਣੇ ਕਵੀ ਬਹੁਤ ਪਿਆਰੇ ਲਗਦੇ ਹਨ।

ਇਸ ਦੇ ਚਾਰ ਹਵਾਈ ਅੱਡੇ ਅਤੇ ਨੌਂ ਰੇਲਵੇ ਸਟੇਸ਼ਨ ਇਸ ਦੀ "ਜੀ ਆਇਆਂ" ਪਰੰਪਰਾ ਦੇ ਪ੍ਰਤੀਕ ਹਨ, ਪੰਜ ਸਾਗਰਾਂ ਦੀ ਬੰਦਰਗਾਹ ਵੀ ਕਿਹਾ ਜਾਂਦਾ ਹੈ ਇਸਨੂੰ। ਆਧੁਨਿਕ ਵੱਡੀਆਂ ਵੱਡੀਆਂ ਸ਼ਾਹਰਾਹਾਂ ਇਸ ਦੇ ਵਾਸੀਆਂ ਦੇ ਚੌੜੇ ਹਿਰਦਿਆਂ ਦੀਆਂ ਪ੍ਰਤੀਕ ਹਨ, ਮੀਟਰੋ ਦੇ ਸਟੇਸ਼ਨ ਇਥੇ ਜਾਣ ਵਾਲਿਆਂ ਦੇ ਕੇਵਲ ਸ਼ੌਕ-ਸ਼ੌਕ ਨੂੰ ਹੀ ਨਹੀਂ ਦਰਸਾਂਦੇ, ਉਹਨਾਂ ਦੇ ਨਿੱਘ ਤੇ ਸਨੇਹ ਨੂੰ ਵੀ ਗੁਣਗਾਨ ਕਰਦੇ ਹਨ।

ਹਾਂ, ਗੱਲ ਉਸ ਸ਼ਹਿਰ ਦੀ ਹੈ ਜਿਥੋਂ ਦੇ ਲੋਕਾਂ ਦਾ ਇਸ ਵਾਤਾਵਰਨ ਵਿਚ ਕੋਮਲ-ਚਿੱਤ, ਨਿਰਮਲ ਰੂਪ ਅਤੇ ਮਹਿਮਾਨ-ਨਿਵਾਜ਼ ਹੋ ਨਿਖਰਨਾ ਕੁਦਰਤੀ ਹੈ। ਵਲਾਦੀਮੀਰ ਪਰੋਮਿਸਲੋਵ ਆਖਦਾ ਹੈ "ਸ਼ਹਿਰ ਅਜਿਹਾ ਸਥਾਨ ਹੀ ਨਹੀਂ ਹੁੰਦਾ ਜਿਥੇ ਬੰਦਾ ਰਹਿੰਦਾ, ਕੰਮ ਕਰਦਾ ਤੇ ਆਰਾਮ ਕਰਦਾ ਹੈ। ਇਹ ਅਜਿਹਾ ਸਥਾਨ ਵੀ ਹੁੰਦਾ ਹੈ ਜਿਥੇ ਰਹਿੰਦਿਆਂ ਸੰਸਾਰ ਦ੍ਰਿਸ਼ਟੀਕੋਣ, ਉਹਦੇ ਸਦਾਚਾਰਕ ਮਿਆਰਾਂ ਸੁਹਜਭਾਵ ਨਾਲ ਸੰਬੰਧਤ ਅਸੂਲਾਂ ਦੀ ਸਿਰਜਨਾ ਹੁੰਦੀ ਹੈ...ਵਿਅਕਤੀ ਅਤੇ ਉਹਦੇ ਆਲੇ-ਦੁਆਲੇ ਵਿਚ, ਜਿਥੇ ਬੰਦਾ ਜੀਂਦਾ-ਥੀਂਦਾ ਹੈ, ਇਕਸੁਰਤਾ ਉਹਦੀ ਸਜੀਵ ਕ੍ਰਿਆਸ਼ੀਲਤਾ ਲਈ ਜ਼ਰੂਰੀ ਸ਼ਰਤ ਹੈ...ਵੱਡੇ ਸ਼ਹਿਰ ਦਿਲਕਸ਼ ਹੋ ਸਕਦੇ ਹਨ ਅਤੇ ਹੋਣੇ ਚਾਹੀਦੇ ਹਨ ਅਤੇ ਇਹ ਵਿਗਿਆਨਕ ਸੋਚ, ਟੈਕਨਾਲੋਜੀ, ਅਤੇ ਦਪੂ ਦਾਰਸ਼ਨਿਕ ਚਿੰਤਨ, ਸਭਿਆਚਾਰ ਕਲਾ ਨੂੰ ਜਨਮ ਦੇਂਦੇ ਹਨ।"

ਜਿਸ ਸ਼ਹਿਰ ਦੀ ਅਸੀਂ ਗੱਲ ਕਰ ਰਹੇ ਹਾਂ ਉਸ ਉੱਤੇ ਇਹ ਸੱਭ ਗੱਲਾਂ ਲਾਗੂ ਹੁੰਦੀਆਂ ਹਨ। ਸ਼ਹਿਰ ਦਾ ਨਾਂਅ ਹੈ ਮਾਸਕੋ। ਪੁਸ਼ਕਿਨ ਦਾ ਮਾਸਕੋ, ਲੈਨਿਨ ਦੇ ਦੇਸ਼, ਪ੍ਰਥਮ ਸੋਸ਼ਲਿਸਟ ਇਨਕਲਾਬ ਦੇਸ਼ ਦੀ ਰਾਜਧਾਨੀ ਮਾਸਕੋ।

ਅਤੇ ਇਸ ਸ਼ਹਿਰ ਨੂੰ ਇਕ ਵਿਦਿਆਰਥੀ ਸ਼ਹਿਰ ਦਾ ਨਾਂਅ ਵੀ ਦਿੱਤਾ ਜਾਂਦਾ ਹੈ। ਹਰ ਸਾਲ ਛੇ ਲੱਖ ਤੀਹ ਹਜ਼ਾਰ ਵਿਦਿਆਰਥੀ ਵਿਦਿਆਰਥਣਾਂ ਇਥੋਂ ਦੀਆਂ ਉਚੇਰੀ ਵਿਦਿਆ



Sri Satguru Jagjit Singh Ji eLibrary NamdhariElibrary@gmail.com

ਦੀਆਂ ਅਨੁੱਤਰ ਸੰਸਥਾਵਾਂ ਵਿਚ ਪੜ੍ਹਨ ਜਾਂਦੇ ਹਨ। ਇਕੱਲੀ ਮਾਸਕੋ ਯੂਨੀਵਰਸਿਟੀ, ਜੋ ਇਥੇ ਉਚੇਰੀ ਵਿਦਿਆ ਦਾ ਮੁਖ ਅਦਾਰਾ ਹੈ, ਦੇ ਪੰਦਰਾਂ ਫੈਕਲਟੀਜ਼ ਵਿਚ ਦੇਸ਼-ਬਦੇਸ਼ ਦੇ ਤੀਹ ਹਜ਼ਾਰ ਤੋਂ ਵਧ ਵਿਦਿਆਰਥੀ ਪੜ੍ਹਦੇ ਹਨ।

ਅਸੀਂ ਇਥੇ ਯੂਨੀਵਰਸਿਟੀ ਦੀ ਗੱਲ ਕਰਨ ਲੱਗੇ ਹਾਂ। ਉਹ ਹੈ ਲੋਕ ਮਿਤਰਤਾ ਯੂਨੀਵਰਸਿਟੀ। ਇਹ ਸਾਰੀ ਦੁਨੀਆ ਵਿਚ ਆਪਣੀ ਕਿਸਮ ਦੀ ਇਕੋ ਇਕ ਸੰਸਥਾ ਹੈ ਜਿਥੇ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਵਿਕਾਸਸ਼ੀਲ ਦੇਸ਼ਾਂ ਦੇ ਵਿਦਿਆਰਥੀ ਪੜ੍ਹਨ ਆਉਂਦੇ ਹਨ। ਇਸ ਯੂਨੀਵਰਸਿਟੀ ਦੀ ਸਥਾਪਨਾ ਲਈ ਪੰਜ ਫਰਵਰੀ, ੧੯੬੦ ਨੂੰ ਫ਼ਰਮਾਨ ਜਾਰੀ ਕੀਤਾ ਗਿਆ ਸੀ ਅਤੇ ਪਹਿਲੀ ਅਕਤੂਬਰ, ੧੯੬੦ ਨੂੰ ਇਹ ਖੁਲ੍ਹ ਗਈ ਸੀ। ਪਹਿਲੇ ਸਾਲ ਇਸ ਵਿਚ ਦਾਖ਼ਲ ਹੋਏ ਸਨ ਏਸ਼ੀਆਈ, ਅਫਰੀਕੀ, ਲਾਤੀਨੀ ਅਮਰੀਕੀ ਦੇਸ਼ਾਂ ਦੇ ੫੩੯ ਵਿਦਿਆਰਥੀ, ਅੱਜ ਇਸ ਯੂਨੀਵਰਸਿਟੀ ਦੇ ਗਰੈਜੂਏਟ ਇਕ ਸੌ ਦਸ ਦੇਸ਼ਾਂ ਵਿਚ ਕੰਮ ਕਰਦੇ ਹਨ। ਨਵੇਂ ਉਠ ਰਹੇ ਦੇਸ਼ਾਂ ਦੀ ਰੰਗ-ਬਰੰਗੀ ਜਵਾਨੀ ਦਾ ਸ਼ਾਨਦਾਰ ਸੰਗਮ ਹੈ ਇਹ। ਕਿੰਨੀਆਂ ਹੀ ਬੋਲੀਆਂ, ਕਿੰਨੇ ਹੀ ਕੌਮੀ ਸਭਿਆਚਾਰਾਂ ਦੇ ਮੁੰਡੇ ਕੁੜੀਆਂ ਮਿਲ ਬਹਿੰਦੇ ਤੇ ਪੜ੍ਹਦੇ ਹਨ ਇਥੇ। ਪਰੋਲੇਤਾਰੀ ਕੌਮਾਂਤਰੀ-ਵਾਦ ਦਾ, ਵਿਕਸਤ ਸੋਸ਼ਲਿਸਟ ਸੰਸਾਰ ਦੀ ਨਵ-ਅਜ਼ਾਦ ਤੇ ਵਿਕਾਸਸ਼ੀਲ ਦੇਸ਼ਾਂ ਨਾਲ ਮਿਤਰਤਾ ਤੇ ਸਹਿਯੋਗ ਦਾ, ਸ਼ਾਹਕਾਰ ਹੈ ਇਹ। ਰੰਗ-ਸੁਰੰਗਤਾ ਵਿਚ ਸੰਸਾਰ ਏਕਤਾ ਦਾ ਸੱਚਾ-ਸੁੱਚਾ ਪਰਤੀਕ। ਹੁਣ ਇਸ ਨਾਲ ਅਫਰੀਕਾ ਦੀ ਕੌਮੀ ਅਜ਼ਾਦੀ ਲਹਿਰ ਦੇ ਮਹਾਨ ਆਗੂ ਪਾਤਰਸ ਲੁਮੂੰਬਾ ਦਾ ਨਾਂਅ ਵੀ ਜੁੜਿਆ ਹੋਇਆ ਹੈ। ਕਿੰਨੀ ਵਧੀਆ ਯਾਦਗਾਰ ਹੈ ਇਹ ਉਸ ਅਮਰ ਸ਼ਹੀਦ ਦੀ। ਇਸੇ ਯੂਨੀਵਰਸਿਟੀ ਦਾ ਵਿਦਿਆਰਥੀ ਹੈ, ਜਲੰਧਰ ਦਾ ਇਕ ਯੁਵਕ ਨਵਪ੍ਰੀਤ ਸਿੰਘ।

ਵੀਹਵੀਂ ਸਦੀ ਦੇ ਸਿਰਕੱਢ ਰਾਜ-ਨੇਤਾ, ਸੰਸਾਰ ਅਮਨ ਦੇ ਝੰਡੇ-ਬਰਦਾਰ, ਭਾਰਤ-ਸੋਵੀਅਤ ਮਿਤਰਤਾ ਦੇ ਮਹਾਨ ਉਸਰਈਏ, ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਮਨਾਉਣਾ ਸੋਵੀਅਤ ਜੀਵਨ ਦੀ ਇਕ ਵਿਸ਼ੇਸ਼ ਪਰੰਪਰਾ ਬਣ ਚੁਕਿਆ ਹੈ।

ਚੌਦਾਂ ਨਵੰਬਰ ਨੂੰ ਭਾਰਤੀ ਵਿਦਿਆਰਥੀਆਂ ਨੇ ਲੋਕ ਮਿਤਰਤਾ ਵਿਸ਼ਵ ਵਿਦਿਆਲਾ ਦੇ ਕੈਂਪਸ ਵਿਚ ਭਾਰਤੀ ਸਭਿਆਚਾਰ ਦੀ ਇਕ ਨੁਮਾਇਸ਼ ਲਾਈ। ਨਵ-ਪ੍ਰੀਤ ਸਿੰਘ ਨੇ ਵੀ ਆਪਣੇ ਮਿਤਰ ਪਿਆਰਿਆਂ ਨਾਲ ਮਿਲ ਕੇ ਉਤਸ਼ਾਹ ਅਤੇ ਉਮਾਹ ਨਾਲ ਇਸ ਨੁਮਾਇਸ਼ ਵਿਚ ਹਿੱਸਾ ਲਿਆ।

ਨੁਮਾਇਸ਼ਾਂ ਸੋਵੀਅਤ ਜੀਵਨ ਦਾ ਅਨਿਖੜਵਾਂ ਅੰਗ ਬਣ ਚੁਕੀਆਂ ਹਨ।

ਅਤੇ ਸੋਵੀਅਤ ਯੂਨੀਅਨ ਦੇ ਅਜਾਇਬ ਘਰ ਵੀ ਜਗਤ ਪ੍ਰਸਿਧ ਹਨ। ਸੋਵੀਅਤ ਯੂਨੀਅਨ ਵਿਚ ਅਠਾਰਾਂ ਸੌ ਸਟੇਟ ਮਿਊਜ਼ੀਅਮ ਹਨ। ਦਸ ਹਜ਼ਾਰ ਤੋਂ ਵਧ ਸਰਵਜਨਿਕ ਮਿਊਜ਼ੀਅਮ ਹਨ। ਮਾਸਕੋ ਵਿਚ ਸਠ ਤੋਂ ਵਧ ਮਿਊਜ਼ੀਅਮ ਹਨ। ਨਵ-ਪ੍ਰੀਤ ਸਿੰਘ ਮਾਸਕੋ ਦੇ ਸਭ ਤੋਂ ਵੱਡੇ ਮਿਊਜ਼ੀਅਮ ਵਿਚ ਗਿਆ ਤਾਂ ਉਸ ਨੂੰ ਖੂਬ ਮਾਣਿਆ। "ਕਸਿਨਮਾ" ਮਿਊਜ਼ੀਅਮ ਨੇ ਵੀ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ ਜਿਥੇ ਉਸ ਨੇ ਪੁਲਾੜ-ਜਹਾਜ਼, ਪੁਲਾੜ-ਯਾਤਰੀਆਂ ਦੀ ਪੁਸ਼ਾਕ ਅਤੇ ਹੋਰ ਦਿਲਚਸਪ ਵਸਤਾਂ ਤਕੀਆਂ। ਅਸਲ ਵਿਚ ਸੋਵੀਅਤ ਲੋਕ ਸੰਸਾਰ ਦੇ ਹਰ ਦੇਸ਼ ਬਾਰੇ ਗਿਆਨ ਪ੍ਰਾਪਤ ਕਰਨ ਦੇ ਇਛੁੱਕ ਵੀ ਹਨ ਤੇ ਇਸ ਗਲ ਦੇ ਵੀ ਕਿ ਉਹਨਾਂ ਦੇ ਦੇਸ਼ ਆਉਣ ਵਾਲੇ ਵਿਦਿਆਰਥੀ ਉਸ ਨੂੰ ਚੰਗੀ ਤਰ੍ਹਾਂ ਜਾਣਨ।

ਅਖ਼ਬਾਰਾਂ ਵੀ ਸੋਵੀਅਤ ਜੀਵਨ ਦਾ ਅਨਿਖੜਵਾਂ ਅੰਗ ਹਨ। ਇਹ ਬਹੁਤ ਵਡੀ ਗਿਣਤੀ ਵਿਚ ਛਪਦੀਆਂ ਹਨ। ਫਿਰ ਵੀ ਕੰਧ-ਅਖ਼ਬਾਰਾਂ ਦੀ ਮਹੱਤਤਾ ਨਿਰੰਤਰ ਕਾਇਮ ਹੈ। ਲੋਕ ਮਿਤਰਤਾ ਯੂਨੀਵਰਸਿਟੀ ਦੀ ਪਰੀਸ-ਫੈਕਲਟੀ ਵੀ ਇਕ ਕੰਧ-ਅਖ਼ਬਾਰ "ਭਾਨ" ਚਲਾਉਂਦੀ ਹੈ। ਨਵ-ਪ੍ਰੀਤ ਦਾ ਇਸ ਅਖ਼ਬਾਰ ਨਾਲ ਗੂੜ੍ਹਾ ਰਿਸ਼ਤਾ ਹੈ। ਇਸ ਵਿਚ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਉਤੇ ਵਿਸ਼ੇਸ਼ ਸਮਗਰੀ ਪੇਸ਼ ਕੀਤੀ ਗਈ।

ਸੋਵੀਅਤ ਸਰਕਸ ਜਗਤ ਪ੍ਰਸਿਧ ਹੈ। ਨਵ-ਪ੍ਰੀਤ ਨੇ ਆਪਣੀ ਭੈਣ ਨੂੰ ਲਿਖਿਆ ਹੈ, "ਬੜੀ ਖੂਬਸੂਰਤ ਸੀ ਇਹ ਇਸ ਤੋਂ ਪਹਿਲਾਂ ਮੈਂ ਕਦੇ ਇਹੋ ਜਿਹੀ ਸਰਕਸ ਨਹੀਂ ਸੀ ਵੇਖੀ।"

ਨਵ-ਪ੍ਰੀਤ ਨੇ ਵਤਨ ਭੇਜੀਆਂ ਆਪਣੀਆਂ ਪਹਿਲੀਆਂ ਚਿਠੀਆਂ ਵਿਚ ਹੀ ਲਿਖਿਆ ਸੀ, "ਸੋਵੀਅਤ ਲੋਕ ਸਾਨੂੰ, ਭਾਰਤੀਆਂ ਨੂੰ ਬਹੁਤ ਪਿਆਰ ਕਰਦੇ ਹਨ, ਸੋਵੀਅਤ ਲੋਕ, ਸਾਡੀ ਭਾਰਤੀਆਂ ਦੀ ਬਹੁਤ ਇੱਜ਼ਤ ਕਰਦੇ ਹਨ।"

ਆਪਣੀ ਇਕ ਤਾਜ਼ਾ ਚਿੱਠੀ ਵਿਚ ਉਹਨੇ ਲਿਖਿਆ ਹੈ, "ਤੀਹ ਨਵੰਬਰ ਨੂੰ ਮੈਂ ਪੌਲਿਸ ਆਪਣੇ ਸੋਵੀਅਤ ਮਿਤਰ ਦੇ ਘਰ ਗਿਆ। ਉਸ ਦੇ ਮਾਪੇ ਮੈਨੂੰ ਮਿਲ ਕੇ ਬਹੁਤ ਖੁਸ਼



Sri Satguru Jagjit Singh Ji eLibrary NamdhariElibrary@gmail.com

ਹੋਏ। ਉਹਦੇ ਮਾਤਾ ਜੀ ਡਾਕਟਰ ਹਨ ਤੇ ਪਿਤਾ ਜੀ ਇੰਜੀਨੀਅਰ। ਪਿਤਾ ਜੀ ਇਕ ਰਾਬਰਨ ਪਲਾਂਟ ਵਿਚ ਕੰਮ ਕਰਦੇ ਹਨ। ਉਹ ਤਿੰਨ ਕਮਰਿਆਂ ਵਾਲੇ ਮਕਾਨ ਵਿਚ ਰਹਿੰਦੇ ਹਨ ਜਿਸ ਨਾਲ ਰਸੋਈ ਤੇ ਬਾਥ ਰੂਮ ਵੀ ਹਨ। ਉਹਨਾ ਕੋਲ ਕਾਰ ਵੀ ਹੈ। ਮੈਂ ਉਥੇ ਚਾਹ ਵੀ ਨੋਸ਼ ਕੀਤੀ ਅਤੇ ਡਿਨਰ ਵੀ ਲਿਆ। ਤਾਜ਼ਾ ਕਢਿਆ ਜੂਸ ਵੀ ਪੀਤਾ ਕਾਲੇ ਅੰਗੂਰ ਵੀ ਖਾਧੇ ਮਠਿਆਈਆਂ ਤੇ ਕੇਕ ਵੀ ਸਨ। ਅੰਕਲ ਅੰਬਾਂ ਨੂੰ ਬਹੁਤ ਪਸੰਦ ਕਰਦੇ ਹਨ। ਜਦੋਂ ਮੈਂ ਆਖਿਆ ਮੈਂ ਮਾਸਕੋ ਆਉਣ ਤੋਂ ਪਹਿਲਾਂ ਬਹੁਤ ਅੰਬ ਖਾਇਆ ਕਰਦਾ ਸੀ ਤਾਂ ਉਹਨਾ ਨੇ ਕਿਹਾ ਤੂੰ ਠੀਕ ਕਰਿਆ ਕਰਦਾ ਸੀ। ਉਹ ਭਾਰਤੀ ਫ਼ਿਲਮਾਂ, ਲੋਕ-ਨ੍ਰਿਤ ਅਤੇ ਪੇਂਟਿੰਗਜ਼ ਨੂੰ ਬਹੁਤ ਪਸੰਦ ਕਰਦੇ ਹਨ। ਉਹਨਾ ਨੇ ਮੈਨੂੰ ਖਾਣਾ ਵੀ ਭਾਰਤੀ ਪਲੇਟਾਂ ਤੇ ਕੱਪਾਂ ਵਿਚ ਪੇਸ਼ ਕੀਤਾ ਅਤੇ ਆਖਿਆ ਕਿ ਉਹ ਇਹਨਾਂ ਨੂੰ ਬਹੁਤ ਪਸੰਦ ਕਰਦੇ ਹਨ।

"ਅੰਕਲ ਆਖਦੇ ਹਨ ਰਾਬਰਟਾਈਜ਼ੇਸ਼ਨ ਅਜ ਦੇ ਸੰਸਾਰ ਦੀ ਲੋੜ ਹੈ। ਉਹਦੇ ਮਾਤਾ ਜੀ ਪਰੰਕਨੋਲਸੀ ਬਾਰੇ ਰੀਸਰਚ ਕਰ ਰਹੇ ਹਨ।

"ਉਹਨਾ ਨੇ ਬਹੁਤ ਸਾਰੀਆਂ ਭਾਰਤੀ ਪੁਸਤਕਾਂ ਪੜ੍ਹੀਆਂ ਹੋਈਆਂ ਹਨ। ਉਹਨਾ ਮੈਨੂੰ ਭਗਵਾਨ ਕ੍ਰਿਸ਼ਨ ਅਤੇ ਮਹਾਂ ਭਾਰਤ ਬਾਰੇ ਸੋਵੀਅਤ ਸਕਾਲਰਾਂ ਦੀਆਂ ਲਿਖਤਾਂ ਪੜ੍ਹਣ ਲਈ ਕਿਹਾ। ਉਹਨਾ ਮੈਨੂੰ ਤੁਹਾਨੂੰ ਆਪਣੀ 'ਹੈਲੋ' ਲਿਖਣ ਲਈ ਕਿਹਾ।"

ਕਿੰਨੇ ਮਿਲਣਸਾਰ ਹਨ ਸਾਡੇ ਸੋਵੀਅਤ ਮਿਤਰ-ਪਿਆਰੇ ਕਿੰਨੇ ਆਸ਼ਕ ਹਨ ਉਹ ਸਾਡੇ ਸਾਹਿਤ ਤੇ ਸਭਿਆਚਾਰ ਦੇ।

ਉਹਨੇ ਲਿਖਿਆ ਹੈ, "ਮੇਰੇ ਟੀਚਰ ਵੀ ਬਹੁਤ ਪਿਆਰ ਕਰਦੇ ਹਨ ਅਤੇ ਆਪਣੀ 'ਹੈਲੋ' ਭੇਜਦੇ ਹਨ।"

ਨਵਪ੍ਰੀਤ ਆਖਦਾ ਹੈ, "ਮੈਨੂੰ ਮਾਸਕੋ ਦੀ ਸਫ਼ਾਈ ਵੀ ਬਹੁਤ ਪਸੰਦ ਆਈ ਹੈ।"

ਅੱਜ ਕਲ ਉਹ ਰੂਸੀ ਪੜ੍ਹ ਰਿਹਾ ਹੈ, ਲੈਨਿਨ, ਪੁਸ਼ਕਿਨ ਅਤੇ ਦੋਸਤੋਵਿਸਕੀ ਦੀ ਭਾਸ਼ਾ, ਅੱਜ ਦੁਨੀਆਂ ਭਰ ਵਿਚ ਛਪਦੀਆਂ ਹਰ ਪੰਜ ਪੁਸਤਕਾਂ ਵਿਚੋਂ ਇਕ ਰੂਸੀ ਭਾਸ਼ਾ ਵਿਚ ਹੁੰਦੀ ਹੈ।

×

REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER | Phone : 3805

# MODERN GUN WORKS

Opp. Industrial Estate,
JAMMU CANTT.



Sri Satguru Jagjit Singh Ji eLibrary NamdhariElibrary@gmail.com

# ਥਾਈਲੈਂਡ ਵਿਚ ਵਿਸ਼ਵ ਖੁਰਾਕ ਦਿਵਸ 'ਤੇ ਮਹਿੰਦਰ ਸਿੰਘ ਦੋਸਾਂਝ ਦਾ ਭਾਸ਼ਣ

੧੬ ਅਕਤੂਬਰ ੧੯੯੬ ਨੂੰ ਬੈਂਕਾਕ ਵਿਖੇ ਵਿਸ਼ਵ ਖੁਰਾਕ ਤੇ ਖੇਤੀ ਸੰਸਥਾ (ਯੂਨਾਈਟਿਡ ਨੇਸ਼ਨ ਔਫ਼.ਏ.ਓ.) ਵਲੋਂ ਵਿਸ਼ਵ ਖੁਰਾਕ ਦਿਵਸ ਮਨਾਇਆ ਗਿਆ ਤੇ ਵੱਖ ਵੱਖ ਦੇਸ਼ਾਂ ਵਿਚੋਂ ਕਿਸਾਨ ਨੂੰ ਖੇਤੀ ਦੇ ਖੇਤਰ ਵਿਚ ਉਨ੍ਹਾਂ ਦੀਆਂ ਸ਼ਮੂਲੀਆਂ ਸੇਵਾਵਾਂ ਲਈ ਤੇ ਅਨਾਜ ਉਤਪਾਦਨ ਲਈ ਉਨ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਵਿਸ਼ਵ ਪੁਰਸਕਾਰ ਪ੍ਰਦਾਨ ਕੀਤੇ ਗਏ।

ਇਸ ਸਮੇਂ "ਵਿਸ਼ਵ ਕਣਕ ਉਤਪਾਦਕ" ਦੀ ਉਪਾਧੀ ਲੈਣ ਉਪਰੰਤ ਪ੍ਰਸਿੱਧ ਪੰਜਾਬੀ ਲੇਖਕ ਤੇ ਕਿਸਾਨ ਮਹਿੰਦਰ ਸਿੰਘ ਦੋਸਾਂਝ ਨੇ ਭਾਰਤ ਵਲੋਂ ਨਿਮਨ ਲਿਖਤ ਭਾਸ਼ਣ ਦਿੱਤਾ—

ਅੱਜ ਵਿਸ਼ਵ ਖੁਰਾਕ ਦਿਵਸ ਤੇ ਉਸ ਸੰਸਥਾ ਵਲੋਂ ਜੋ ਵਿਸ਼ਵ ਮਾਨਵਤਾ ਵਿਚ ਜੀਵਨ-ਜੋਤ ਜਗਦੀ ਰੱਖਣ ਵਾਸਤੇ ਆਪਣੇ ਪਵਿੱਤਰ ਯਤਨ ਵਿੱਢਣ ਲਈ ਦ੍ਰਿੜ ਸੰਕਲਪ ਹੈ, ਪੁਰਸਕਾਰ ਪ੍ਰਾਪਤ ਕਰਕੇ ਮੈਨੂੰ ਬਹੁਤ ਗੌਰਵ ਮਹਿਸੂਸ ਹੋ ਰਿਹਾ ਹੈ। ਦੂਰ...ਪਿੱਛੇ ਅਤੀਤ ਵਿਚ ਮੈਂ ਨਾ ਕਦੇ ਇਹ ਸੋਚਿਆ ਸੀ ਨਾ ਕਦੇ ਜ਼ਿੰਦਗੀ ਦੀਆਂ ਸੰਭਾਵਨਾਵਾਂ 'ਚੋਂ ਮੈਨੂੰ ਇਹ ਨਜ਼ਰ ਆਇਆ ਸੀ ਕਿ ਮੇਰੀਆਂ ਕਾਮਨਾਵਾਂ 'ਤੇ' ਵੀ ਕਿਤੇ ਉੱਚਾ ਤੇ ਖੂਬਸੂਰਤ ਅਜਿਹਾ ਦਿਨ ਕਦੇ ਚੜ੍ਹ ਸਕੇਗਾ।

ਮੈਂ ਬਹੁਤ ਹੀ ਸੀਮਤ ਵਸੀਲਿਆਂ ਵਾਲਾ ਇਕ ਛੋਟਾ ਜਿਹਾ ਕਿਸਾਨ ਹਾਂ, ਅੱਜ ਤੋਂ ਪੰਜੀ ਸਾਲ ਪਹਿਲਾਂ ਮੈਨੂੰ ਆਪਣੇ ਦੇਸ਼ ਦੇ ਸਿੱਖਿਆ ਵਿਭਾਗ ਵਿਚ ਨੌਕਰੀ ਮਿਲਦੀ ਸੀ ਪਰ ਮੈਂ ਮਹਿਸੂਸ ਕੀਤਾ ਕਿ ਅਧਿਆਪਨ ਦੇ ਪਵਿੱਤਰ ਕੰਮ ਲਈ ਬੱਚਿਆਂ ਦੀਆਂ ਲੋੜਾਂ ਨੂੰ ਸਮਝਣ ਤੇ ਉਨ੍ਹਾਂ ਦੇ ਜਜ਼ਬਾਤਾਂ ਨਾਲ ਸਾਂਝ ਪਾਉਣ ਦੀ ਜਾਚ ਸ਼ਾਇਦ ਮੈਂ ਛੇਤੀ ਆਪਣੇ ਅੰਦਰ ਨਾ ਪੈਦਾ ਕਰ ਸਕਾਂ, ਮੈਂ ਇਸ ਪਾਸੇ ਗਿਆ ਤਾਂ ਬੱਚਿਆਂ ਨਾਲ ਬੇਇਨਸਾਫ਼ੀ ਕਰਾਂਗਾ, ਖੇਤੀ ਦੇ ਖੇਤਰ ਨਾਲ ਮੇਰਾ ਡੂੰਘਾ ਪਿਆਰ ਸੀ, ਬੇਸ਼ਕ ਮੈਨੂੰ ਵਿਰਸੇ ਵਿਚ ਰੇਤੇ ਦੇ ਟਿੱਬਿਆਂ ਵਾਲੀ ਅੱਠ ਏਕੜ ਜ਼ਮੀਨ, ਕੱਚਾ ਘਰ ਤੇ ਸ਼ਾਹਾਂ ਦਾ ਕਰਜ਼ਾ ਮਿਲਿਆ ਸੀ ਪਰ ਮੈਂ ਆਪਣੇ ਲਈ ਖੇਤੀ ਦਾ ਖੇਤਰ ਚੁਣ ਕੇ ਖੁਸ਼ੀ ਮਹਿਸੂਸ ਕੀਤੀ।

ਪੰਜਾਬ ਵਿਚ ਮੇਰੇ ਵਰਗੇ ਅਣਗਿਣਤ ਕਿਸਾਨ
ਜਿੰਨਾਂ ਦੇ ਖੇਤੀ ਨਾਲ ਪਿਆਰ ਕਰਕੇ ਅਸੀਂ ਪੰਜਾਬ
ਪਿਛਲੀ ਰੁੱਤ ਵਿਚ ਇਕ ਕਰੋੜ ੧੦ ਲੱਖ ਟਨ ਕਣਕ
ਉਤਪਾਦਨ ਕਰ ਸਕੇ, ਪਰ ਅਬਾਦੀ ਦੇ ਲਿਹਾਜ਼ ਨਾਲ
ਸੰਨ ਵੀਹ ਸੌ ਦੇ ਅੰਤ ਤੱਕ ਪੁਣ ਦੇ ਮੁਕਾਬਲੇ ਮੇਰੇ
ਭਾਰਤ ਲਈ ਪੰਜਾਹ ਲੱਖ ਟਨ ਕਣਕ ਦੀ ਹੋਰ ਲੋੜ ਪਵੇ
ਕਿਸੇ ਵੀ ਸਾਧਨ ਦੁਆਰਾ ਅਸੀਂ ਇਸ ਟੀਚੇ ਤੱਕ ਪਹੁੰ
ਹੈ। ਇਸ ਲਈ ਆਪਣੀ ਜ਼ਿੰਮੇਵਾਰੀ ਅਸੀਂ ਸਮਝਦੇ ਹਾਂ

ਇਸ ਟੀਚੇ ਲਈ ਸੰਦ ਵਿਚ ਮੈਂ ਆਪਣੇ ਕਾਮ
ਖੇਤੀ ਦੀ ਵਿਉਂਤਬੰਦੀ ਕਰਦਾ ਹਾਂ। ਪੰਜਾਬ ਵਿਚ ਕਿ
ਦੀਆਂ ਵੱਖ ਵੱਖ ਸੰਸਥਾਵਾਂ ਰਾਹੀਂ ਵਿਗਿਆਨਕ
ਤਕਨੀਕ ਨਾਲ ਲੈਸ ਨਵੀਂ ਚੇਤਨਾ ਦੀ ਰੋਸ਼ਨੀ, ਜੂਝ
ਪ੍ਰੰਪਰਾ ਨਾਲ ਜੁੜੇ ਪੰਜਾਬ ਦੇ ਕਿਸਾਨਾਂ ਤੱਕ ਲਿਜਾਣ
ਉਪਰਾਲੇ ਕਰਕੇ ਮੈਨੂੰ ਹਮੇਸ਼ਾ ਖੁਸ਼ੀ ਹੋਈ ਹੈ, ਅਜਿਹੀ ਰੋ
ਦੇ ਪ੍ਰਸਾਰ ਲਈ ਪੰਜਾਬ ਖੇਤੀਬਾੜੀ ਵਿਸ਼ਵ ਵਿਦਿਅ
ਲੁਧਿਆਣਾ ਨੇ ਖੁਲ੍ਹੇ ਦਿਲ ਨਾਲ ਵਸੀਲੇ ਪੈਦਾ ਕੀਤੇ
ਜਿਸ ਕਰਕੇ ਪੰਜਾਬ ਦਾ ਕਿਸਾਨ ਪਿਛਾਂਹ ਖਿਚੂ ਸੋਚ
ਟੁੱਟ ਕੇ ਖੇਤੀ ਵਿਚ ਨਵੇਂ ਵਿਗਿਆਨਕ ਵੱਲ ਅੱਗੇ ਵੱਧ ਸ
ਦੇ ਸਮਰਥ ਹੋਇਆ ਹੈ।

ਪੰਜਾਬ ਖੇਤੀਬਾੜੀ ਵਿਸ਼ਵ ਵਿਦਿਆਲਾ ਲੁਧਿਅ
ਦੀ ਅਗਵਾਈ ਹੇਠ ਕਾਇਮ ਹੋਈ ਪੰਜਾਬ ਨੌਜਵਾਨ ਕਿ
ਸੰਸਥਾ ਜਿਸ ਦੀਆਂ ਗਤੀਵਿਧੀਆਂ ਦੁਆਰਾ ਅਸੀਂ ਵ
ਸ਼ਾਨਦਾਰ ਨਤੀਜੇ ਵਸੂਲ ਕੀਤੇ ਹਨ ਦੇ ਮੈਂਬਰਾਂ ਦੇ ਢ
,ਤੇ ਅਕਸਰ ਵਿਸ਼ਵ ਵਿਦਿਆਲੇ ਦੇ ਖੇਤੀ ਮਾਹਿਰ ਉਹ
ਦੀਆਂ ਭਰਪੂਰ ਫਸਲਾਂ ਵੇਖ ਕੇ ਜਿਥੇ ਉਨ੍ਹਾਂ ਦੀ ਪ੍ਰਸੰਸਾ ਕ
ਹਨ, ਉਥੇ ਉਨ੍ਹਾਂ ਨੂੰ ਇਹ ਵੀ ਪੁਛਦੇ ਹਨ ਕਿ ਤੁਹ
ਗਵਾਂਢੀ ਦੀ ਫਸਲ ਤੁਹਾਡੀ ਫਸਲ ਵਰਗੀ ਕਿਉਂ ਨਹੀਂ
ਤੁਸੀਂ ਆਪਣੇ ਉਦੇਸ਼ ਤੋਂ ਅਜੇ ਪਾਕਿਤੀ ਦਾ ਇਕ ਡੰਡਾ ਵ
ਓਂ ਇਹ ਸੰਸਥਾ ਸਾਡੇ ਖੇਤੀ ਵਿਸ਼ਵ ਵਿਦਿਆਲੇ ਦ
ਪਸਾਰ ਸਿਖਿਆ ਦੇ ਕੰਮ ਲਈ ਸ਼ਾਨਦਾਰ ਸੰਚਾਰ ਸਾਧ
ਸਾਬਤ ਹੋਈ ਹੈ।

ਇਸ ਕਮਰਸ਼ੀਅਲ ਸੰਸਥਾ ਵਿਚ ਤੇ ਆਪਣੇ ਫਾ
ਵਿਚ ਕੰਮ ਕਰਦਿਆ ਮੈਂ ਅਣਗਿਣਤ ਅਮਲੀ ਤਜਰਬਿ
ਰਾਹੀਂ ਮਹਿਸੂਸ ਕਰਦਾ ਰਿਹਾ ਹਾਂ ਕਿ ਆਪਣੀ
ਅਣਗਹਿਲੀਆਂ ਕਰਕੇ ਬਪੂਤ ਸਾਰੇ ਕੀਮਤੀ ਪਦਾਰਥ
ਕੈਮੀਕਲ ਸਮਿੱਗਰੀ ਅਸੀਂ ਐਵੇਂ ਜਾਇਆ ਕਰੀ ਜਾ ਰਹੇ ਹ



Sri Satguru Jagjit Singh Ji eLibrary NamdhariElibrary@gmail.com

ਵਿਸ਼ਵ ਨੂੰ ਇਸ ਵੇਸਟੇਜ ਤੋਂ ਬਚਾਉਣ ਦੀ ਸਖ਼ਤ ਲੋੜ ਹੈ, ਮੇਰੇ ਆਪਣੇ ਦੇਸ਼ ਵਿਚ ਹਜ਼ਾਰਾਂ ਟਨ ਮਿਹਨਤ ਨਾਲ ਕਮਾਇਆ ਤੇ ਘਰਾਂ 'ਚ ਪਿਆ ਕੀਮਤੀ ਅਨਾਜ ਕੀੜਿਆਂ ਦੀ ਖੁਰਾਕ ਬਣ ਜਾਂਦਾ ਹੈ, ਜਿਥੇ ਜ਼ਮੀਨ ਲਈ ਲੋੜ ਹੈ, ਉਥੇ ਖਾਦ ਘੱਟ ਤੇ ਜਿਥੇ ਲੋੜ ਘੱਟ ਹੈ ਉਥੇ ਵੱਧ ਖਾਦ ਪਾਈ ਜਾ ਰਹੇ ਹਾਂ। ਕੀਟਨਾਸ਼ਕ ਦੀ ਲੋੜ ਤੋਂ ਵੱਧ ਵਰਤੋਂ ਨਾਲ ਜਿਥੇ ਸਾਡੀ ਕੀਮਤੀ ਕੈਮੀਕਲ ਸਮੱਗਰੀ ਤੇ ਪੈਸੇ ਦਾ ਨੁਕਸਾਨ ਹੋ ਰਿਹਾ ਹੈ ਉਥੇ ਸਾਡੇ ਵਾਤਾਵਰਨ ਤੇ ਸਾਡੀ ਖੁਰਾਕ ਵਿਚ ਖ਼ਤਰਨਾਕ ਜ਼ਹਿਰ ਦਾ ਸੰਚਾਰ ਹੋ ਗਿਆ ਹੈ। ਖੇਤਾਂ ਲਈ ਉਪਯੋਗੀ ਗੋਬਰ ਅਸੀਂ ਬਾਲਣ ਦੀ ਥਾਂ ਬਾਲ ਰਹੇ ਹਾਂ, ਇਹ ਸਭ ਅਗਿਆਨਤਾ ਵਾਲੇ ਕੰਮ ਬੰਦ ਕਰਕੇ ਸਾਨੂੰ ਸਮੱਗਰੀ ਦਾ ਸਹੀ ਉਪਯੋਗ ਕਰਨ ਲਈ ਗਿਆਨ ਦੇ ਕੇ ਮੇਰੇ ਪੰਜਾਬ ਦੇ ਖੇਤੀਬਾੜੀ ਵਿਸ਼ਵ ਵਿਦਿਆਲੇ ਨੇ ਤੇ ਖੇਤੀਬਾੜੀ ਵਿਭਾਗ ਨੇ ਇਕ ਸ਼ਾਨਦਾਰ ਮਿਸਾਲ ਕਾਇਮ ਕੀਤੀ ਹੈ ਪਰ ਇਸ ਪਾਸੇ ਕਿਸਾਨਾਂ ਵਲੋਂ ਵੀ ਇਕ ਲਹਿਰ ਜਥੇਬੰਦ ਕਰਨ ਦੀ ਲੋੜ ਹੈ।

ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਖੇਤੀ ਕਰਦਿਆਂ ਸਾਨੂੰ ਵੱਧ ਤੋਂ ਵੱਧ ਕੁਦਰਤੀ ਵਸੀਲਿਆਂ ਤੇ ਨਿਰਭਰ ਹੋਣਾ ਚਾਹੀਦਾ ਹੈ, ਕੀਮਤੀ ਖਾਦਾਂ ਦੇ ਥਾਂ ਖੇਤਾਂ ਲਈ ਹਰੀ ਖਾਦ ਦੀ ਵਰਤੋਂ ਕੀਤੀ ਜਾਵੇ, ਬਾਲਣ ਦੀ ਥਾਂ ਗੋਹੇ ਦੀ ਗੈਸ ਤੋਂ ਕੰਮ ਲਿਆ ਜਾਵੇ, ਸ਼ਹਿਦ ਦੀਆਂ ਮੱਖੀਆਂ 'ਪ੍ਰਾਗਣ ਕਿਰਿਆ' ਵਿਚ ਸਹਾਇਤਾ ਕਰਕੇ ਅਨਾਜ ਦੇ ਝਾੜ ਚੋਂ ੧੦ ਫੀਸਦੀ ਤੱਕ ਵਾਧਾ ਕਰ ਸਕਦੀਆਂ ਹਨ ਤੇ ਬਿਨਾਂ ਕਿਸੇ ਖਾਸ ਖ਼ਰਚੇ ਦੇ ਸ਼ਹਿਦ ਵੀ ਦੇ ਸਕਦੀਆਂ ਹਨ, ਮੱਖੀਆਂ ਪਾਲਣ ਤੇ ਸੰਯੁਕਤ ਫ਼ਸਲਾਂ ਦੀ ਕਾਸ਼ਤ ਲਈ ਪ੍ਰਯਾਸ ਕੀਤੇ ਜਾਣ, ਪਾਣੀ, ਖਾਦ, ਕੀਟਨਾਸ਼ਕ ਤੇ ਨਦੀਨ ਨਾਸ਼ਕ ਦਵਾਈਆਂ ਦੀ ਵਰਤੋਂ ਉਦੋਂ ਤੇ ਕੇਵਲ ਉਥੇ ਕੀਤੀ ਜਾਵੇ, ਜਦੋਂ ਤੇ ਜਿਥੇ ਫ਼ਸਲ ਲਈ ਇਨ੍ਹਾਂ ਦੀ ਜ਼ਰੂਰਤ ਹੈ।

ਮੈਂ ਖੇਤੀ ਵਿਸ਼ਵ ਵਿਦਿਆਲਾ ਲੁਧਿਆਣਾ, ਪੰਜਾਬ ਸਰਕਾਰ ਭਾਰਤ ਸਰਕਾਰ ਤੇ ਐਫ.ਏ.ਓ. ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਮੈਨੂੰ ਮੇਰੇ ਸੁਫਨਿਆਂ ਤੋਂ ਕਿਤੇ ਉਚੀ ਮੰਜ਼ਿਲ ਦੇ ਖੂਬਸੂਰਤ ਬੂਹਿਆਂ ਤੱਕ ਲਿਆਂਦਾ ਤੇ ਆਪਣੇ ਵਾਸਤੇ ਮੈਂ ਕਾਮਨਾ ਕਰਦਾ ਹਾਂ ਕਿ ਹਾਲਾਤ ਖੇਤੀ ਨਾਲ ਮੇਰੇ ਪਿਆਰ ਨੂੰ ਕਾਇਮ ਰਖਣ। ਪਿਛਲੇ ਪੰਝੀ ਸਾਲਾਂ 'ਚ ਜਦੋਂ ਵੀ ਮੈਂ ਆਪਣੇ ਫਾਰਮ ਤੋਂ ਦੂਰ ਰਹਿ ਕੇ ਮੁੜਦਾ ਸੀ ਤਾਂ ਇੰਝ ਮਹਿਸੂਸ ਹੁੰਦਾ ਸੀ ਜਿਵੇਂ ਮੈਂ ਪਸ਼ੂਆਂ, ਫ਼ਸਲਾਂ, ਫੁਲਾਂ ਤੇ ਬੂਟਿਆਂ ਦੇ ਆਪਣੇ ਪਿਆਰੇ ਪ੍ਰਵਾਰ ਲਈ ਤਰਸ ਗਿਆ ਹਾਂ, ਬੇਸ਼ਕ ਜਜ਼ਬਾਤੀ ਲੱਗੇ, ਪਰ ਇਸ ਵੇਲੇ ਮੇਰੀ ਰਾਏ ਬਣ ਗਈ ਹੈ ਕਿ ਮੈਂ ਖੇਤੀ ਨੂੰ ਤਿਆਗ ਕੇ ਜੀਊਂਦਾ ਨਹੀਂ ਰਹਿ ਸਕਦਾ, ਇਹ ਮੇਰੀ ਰੂਹ ਦੀ ਖੁਰਾਕ ਹੈ।

ਪੰਝੀ ਸਾਲ ਪਹਿਲਾਂ ਨੌਕਰੀ ਠੁਕਰਾ ਕੇ ਖੇਤੀ ਨੂੰ ਅਪਣਾਉਣ ਦਾ ਮੈਨੂੰ ਕੋਈ ਪਛਤਾਵਾ ਨਹੀਂ ਅੱਜ ਇਹ ਮਹਾਨ ਪੁਰਸਕਾਰ ਪ੍ਰਾਪਤ ਕਰਕੇ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਮੇਰੀ ਜ਼ਿੰਦਗੀ ਦੀ ਕਲਪਨਾ ਤੋਂ ਵੀ ਕਿਤੇ ਅੱਗੇ ਦੀ ਮੇਰੀ ਇੱਛਾ ਸੰਪੂਰਨ ਹੋ ਗਈ ਹੈ।

(ਮਹਿੰਦਰ ਸਿੰਘ ਦੋਸਾਂਝ)

ਬੈਂਕਾਕ ੧੯ ਅਕਤੂਬਰ, ੧੯੮੬

## ਸੰਤ ਕਰਤਾਰ ਸਿੰਘ ਜੀ ਨੂੰ ਸਦਮਾ

ਰਾਮਗੜ੍ਹੀਆ ਫੈਡਰੇਸ਼ਨ, ਦਿਲੀ, ਦੇ ਜਨਰਲ ਸਕੱਤਰ ਸੰਤ ਕਰਤਾਰ ਸਿੰਘ (ਬਿਜਲੀ ਵਾਲੇ) ਜੀ ਦੀ ਸੁਪਤਨੀ ਬੀਬੀ ਸੁਰਜੀਤ ਕੌਰ ਜੀ ਕੁਝ ਸਮਾਂ ਬੀਮਾਰ ਰਹਿਣ ਬਾਅਦ ੨੪/੧੧/੮੬ ਨੂੰ ਸਵਰਗਵਾਸ ਹੋ ਗਏ। ਸਵਰਗੀ ਬੀਬੀ ਸੁਰਜੀਤ ਕੌਰ ਬੜੇ ਮਿਲਾਪੜੇ, ਅਤੇ ਧਾਰਮਿਕ ਸੁਭਾ ਵਾਲੇ ਸਨ। ਬੀਬੀ ਜੀ ਦੀ ਆਤਮਿਕ ਸ਼ਾਂਤੀ ਲਈ ਰਖੇ ਗਏ ਪਾਠ ਦਾ ਭੋਗ ੬-੧੨-੮੬ ਦਿਨ ਸਨਿਚਰਵਾਰ ਨੂੰ ਨਾਮਧਾਰੀ ਗੁਰਦਵਾਰਾ, ਨਾਮਧਾਰੀ ਕਾਲੋਨੀ, ਰਮੇਸ਼ ਨਗਰ, ਨਵੀਂ ਦਿਲੀ ਵਿਖੇ ਸੰਤ ਕਰਤਾਰ ਸਿੰਘ ਜੀ ਵਲੋਂ ਪਵਾਇਆ ਗਿਆ ਅਤੇ ਨਾਲ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿੱਤ ਦੀ ਪੰਜਾਂ ਪਾਠਾਂ ਦੇ ਭੋਗ ਪਾਏ ਗਏ।

ਕੀਰਤਨ ਤੇ ਅੰਤਮ ਅਰਦਾਸ ਸਮੇਂ ਆਈ ਸਮੂਹ ਸੰਗਤ ਵਲੋਂ ਸ੍ਰੀ ਹਰਵਿੰਦਰ ਸਿੰਘ ਹੰਸਪਾਲ, ਮੈਂਬਰ ਪਾਰਲੀਮੈਂਟ, ਨੇ ਸਵਰਗੀ ਬੀਬੀ ਸੁਰਜੀਤ ਕੌਰ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ, ਤੇ ਆਈਆਂ ਸੰਗਤਾਂ ਦਾ ਸੰਤ ਕਰਤਾਰ ਸਿੰਘ ਵਲੋਂ ਧੰਨਵਾਦ ਕੀਤਾ। ਅੰਤ ਵਿਚ ਵਿਛੜੀ ਆਤਮਾ ਨਮਿਤ ਲੰਗਰ ਵਰਤਾਇਆ ਗਿਆ। ਇਸ ਸਮੇਂ ਵਰਿਆਮ ਨੂੰ ੫੧/- ਰੁਪਏ ਸਹਿਯੋਗ ਵਜੋਂ ਭੇਜੇ ਗਏ।

ਪੱਤਰ ਪ੍ਰੇਰਕ





Sri Satguru Jagjit Singh Ji eLibrary NamdhariElibrary@gmail.com

# ਸੰਗੀਤ ਕਲਾ ਮੰਚ ਜਲੰਧਰ ਵਲੋਂ ਭਗਤੀ ਸੰਗੀਤ ਸਮਾਗਮ

—ਪ੍ਰੋ: ਜੋਗਿੰਦਰ ਸਿੰਘ ਬਾਂਵਰਾ

ਸੰਗੀਤ ਸਾਧਨਾ ਦੁਆਰਾ ਮਨੁਖ ਮੋਕਸ਼ ਪ੍ਰਾਪਤ ਕਰ ਸਕਦਾ ਹੈ। ਜੇਕਰ ਉਸ ਦੀ ਸਾਧਨਾ ਵਿਚ ਭਗਤੀ ਨੂੰ ਸਥਾਨ ਹਾਸਲ ਹੋਵੇ, ਨਹੀਂ ਤਾਂ ਉਹ ਕੇਵਲ ਮਨੋਰੰਜਨ ਹੀ ਬਣ ਕੇ ਰਹਿ ਜਾਂਦੀ ਹੈ। ਅਜ ਦੇ ਯੁਗ ਵਿਚ ਮਾਨਵ ਦੀਆਂ ਦਿਮਾਗੀ ਪਰੇਸ਼ਾਨੀਆਂ ਇਨੀਆਂ ਵਧ ਚੁਕੀਆਂ ਹਨ ਕਿ ਉਹ ਰਾਹਤ ਲਭਦਾ ਫਿਰਦਾ ਹੈ। ਮਹਾਂਪੁਰਸ਼ਾਂ ਦੇ ਬਚਨ ਹੀ ਉਸ ਨੂੰ ਮਾਨਸਕ ਆਤਮਕ ਸ਼ਾਂਤੀ ਪ੍ਰਦਾਨ ਕਰ ਸਕਦੇ ਹਨ। ਸੰਤਾਂ ਗੁਰੂਆਂ ਨੇ ਆਪਣੇ ਵਿਚਾਰ ਕਾਵਿ ਕਲਾ ਦੁਆਰਾ ਪ੍ਰਗਟ ਕੀਤੇ ਹਨ। ਜੇਕਰ ਕਾਵਿ ਕਲਾ ਨੂੰ ਸੰਗੀਤ ਦੁਆਰਾ ਪ੍ਰਸਤੁਤ ਕੀਤਾ ਜਾਵੇ ਤਾਂ ਉਹ ਮਾਨਵੀ ਹਿਰਦੇ ਤੇ ਸਿਧਾ ਅਸਰ ਕਰਦੀ ਹੈ ਜਿਸ ਦਾ ਫਲ ਸ਼ਾਂਤੀ ਹੈ।

ਸੰਗੀਤ ਕਲਾ ਮੰਚ ਜਲੰਧਰ ਇਕ ਅਜੇਹੀ ਸਭਾ ਹੈ ਜੋ ਪਿਛਲੇ ਦਸ ਸਾਲਾਂ ਤੋਂ ਲਗਾਤਾਰ ਸੰਗੀਤ ਸੰਮੇਲਨ ਆਯੋਜਿਤ ਕਰਦੀ ਆ ਰਹੀ ਹੈ। ਇਸ ਵਰ੍ਹੇ ੨੬ ਅਕਤੂਬਰ ਨੂੰ ਭਗਤੀ ਸੰਗੀਤ ਸੰਮੇਲਨ ਦਾ ਆਯੋਜਨ ਕੀਤਾ ਗਿਆ। ਪੰਡਿਤ ਸਤਪਾਲ ਭਾਰਦਵਾਜ ਜੀ ਨੇ ਸ਼ਮਾਂ ਰੌਸ਼ਨ ਕਰਕੇ ਉਦਘਾਟਨ ਕੀਤਾ। ਸੁਰਸਵਤੀ ਮਾਂ ਦੀ ਤਸਵੀਰ ਨੂੰ ਹਾਰ ਪਹਿਨਾਇਆ। ਗੌ: ਕਾਲਜ ਹੁਸ਼ਿਆਰ ਪੁਰ ਦੀਆਂ ਵਿਦਿਆਰਥਣਾਂ ਨੇ ਪ੍ਰੋ: ਜੋਗਿੰਦਰ ਬਾਵਰਾ ਦੇ ਨਿਰਦੇਸ਼ਨ ਹੇਠ, ਭਗਤ ਸੂਰਦਾਸ ਦੀ ਰਚਨਾ ਅਬ ਮੋਰੀ ਰਾਖੋ ਲਾਜ ਹਰੀ'' ਪੇਸ਼ ਕਰਕੇ ਸਰੋਤੇ ਮੰਤਰ ਮੁਗਧ ਕਰ ਦਿਤੇ।

ਸ੍ਰੀ ਬਲਰਾਜ ਨੇ ਮੀਰਾ ਦੀ ਰਚਨਾ ਗਾਈ! ਉਸ ਤੋਂ ਬਾਅਦ ਕਿਰਨ ਬੰਧੂ ਜਗਦੀਸ਼ ਕਿਰਨ (ਤਬਲਾ) ਰਜਨੀਸ਼ ਕਿਰਨ (ਹਾਰਮੋਨੀਅਮ) ਨੇ ਰਾਗ ਜੌਨਪੁਰੀ ਅਤੇ ਭੀਮਪਲਾਸੀ ਰਾਗਾਂ ਵਿਚ ਧੁਨਾਂ ਪੇਸ਼ ਕੀਤੀਆਂ। ਸ੍ਰੀਮਤੀ ਸੁਰਜੀਤ ਪਾਥੇਜਾ ਨੇ ਮਨ ਮੋਹਕ ਆਵਾਜ਼ ਵਿਚ ਗੁਰੂ ਅਰਜਨ ਦੇਵ ਜੀ ਦੀਆਂ ਦੋ ਰਚਨਾ ਗਾਈਆਂ। ਸ੍ਰੀ ਬਲਬੀਰ ਸੇਠ ਨੇ ਸੰਤ ਕਬੀਰ ਦੀ ਬਾਣੀ ਪ੍ਰਸਤੁਤ ਕੀਤੀ ਜੋ ਕਿ ਦੇਸੀ ਅਤੇ ਭੈਰਵੀ ਰਾਗਾਂ ਵਿਚ ਸਨ। ਸ੍ਰੀ ਮੋਹਨ ਮਲਸਿਆਣੀ ਨੇ ਗੁਰੂ ਰਵੀਦਾਸ ਦੀ ਬਾਣੀ ਦਾ ਗਾਇਨ ਕੀਤਾ ਜੋਕਿ ਰਾਗ ਬੈਰਾਗੀ ਭੈਰਵ ਅਤੇ ਸਿੰਧ ਭੈਰਵੀ ਵਿਚ ਸੀ। ਪ੍ਰੋ: ਹਰੀਦੇਵ ਨੇ ਸੰਤ ਤੁਲਸੀ ਦਾਸ ਦੀ ਰਚਨਾ ਗਾਕੇ ਸਰੋਤੇ ਰੀਝਾਏ। ਜਿਹਨਾਂ ਨੇ ਰਾਗ ਭਟਿਆਰ ਅਤੇ ਭੈਰਵੀ ਵਿਚ ਗਾਇਨ ਕੀਤਾ ਸੀ। ਸ੍ਰੀ ਮੁਹਿੰਦਰ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਦੋ ਸ਼ਬਦ 'ਸਾਧੋ ਰਚਨਾ ਰਾਮ ਬਣਾਈ ਅਤੇ ਸਾਧੋ ਗੋਬਿੰਦ ਕੇ ਗੁਣ ਗਾਓ'' ਗਾਕੇ ਗੁਰੂ ਜੀ ਦਾ ਸੰਦੇਸ਼ ਲੋਕਾਂ ਤਕ ਪਹੁੰਚਾਇਆ। ਪ੍ਰੋਗਰਾਮ ਸੁਨਣ ਲਈ ਹੁਸ਼ਿਆਰ ਪੁਰ, ਲੁਧਿਆਣਾ, ਨਕੋਦਰ ਅਤੇ ਅੰਮ੍ਰਿਤਸਰ ਤੋਂ ਵੀ ਪ੍ਰੇਮੀਜਨ ਪੁਜੇ ਸਨ।

ਸ੍ਰੀ ਮਨੋਹਰ ਲਾਲ ਨੇ ਅੰਤ ਵਿਚ ਮੀਰਾ ਬਾਈ ਦੀਆਂ ਦੋ ਰਚਨਾਵਾਂ ਗਾਈਆਂ। ਮੇਰੇ ਤੋ ਗਿਰਧਰ ਗੋਪਾਲ ਦੂਸਰੋ ਨਾ ਕੋਈ' ਅਤੇ ਚਲੋ ਮਨ ਗੰਗਾ ਜਮੁਨਾ ਤੀਰ'' ਗਾਕੇ ਸ੍ਰੋਤਿਆਂ ਨੂੰ ਭਗਤੀਰੱਸ ਦੀ ਗੰਗਾ ਵਿਚ ਡੁਬੀਆਂ ਲਗਵਾ ਦਿਤੀਆਂ। ਸ੍ਰੀ ਤਿਲਕ ਰਾਜ ਅਤੇ ਸ੍ਰੀ ਕਾਲੇ ਰਾਮ ਵਾਰੀ ਵਾਰੀ ਤਬਲਾ ਸੰਗਤ ਕਰ ਰਹੇ ਸਨ। ਤਬਲੇ ਦੀ ਤਾਲ ਦੇ ਨਾਲ ਨਾਲ ਸਰੋਤਿਆਂ ਦੇ ਹਥ ਤੇ ਸਿਰ ਹਿਲ ਰਹੇ ਸਨ।

ਪੰਡਤ ਸਤਪਾਲ ਭਾਰਦਵਾਜ ਨੇ ਸਾਰੇ ਕਲਾਕਾਰਾਂ ਨੂੰ ਸੰਗੀਤ ਕਲਾ ਮੰਚ ਵਲੋਂ ਮੋਮੈਂਟੋ ਭੇਟ ਕੀਤੇ। ਪ੍ਰਧਾਨਗੀ ਭਾਸ਼ਨ ਵਿਚ ਸਾਰੇ ਕਲਾ ਕਾਰਾਂ ਦੀ ਸ਼ਲਾਘਾ ਕੀਤੀ ਅਤੇ ਆਪਣੀ ਕਵਿਤਾ ਸੁਣਾਈ। ਡਾ: ਅਹੂਜਾ ਨੇ ਪੰਡਿਤ ਜੀ ਨੂੰ ਮੋਮੈਂਟੋ ਪੇਸ਼ ਕੀਤਾ। ਏ. ਪੀ. ਜੇ. ਕਾਲਜ ਦੀ ਪ੍ਰਿੰਸੀਪਲ ਨੇ ਕਿਹਾ ਕਿ ਇਹ ਪ੍ਰੋਗਰਾਮ ਬੜੇ ਉਚ ਪਧਰ ਦਾ ਸੀ। ਭਾਰਤੀ ਸੰਗੀਤ ਨੇ ਬੜਾ ਪਵਿਤਰ ਵਾਤਾਵਰਨ ਬਣਾਇਆ। ਕੀਤਾ ਅਤੇ ਸਰੋਤਿਆਂ ਨੂੰ ਇਲਾਹੀ ਆਨੰਦ ਦੀ ਅਵਸਥਾ ਵਿਚ ਪਹੁੰਚਾ ਦਿਤਾ ਸੀ। ਅਜੇਹੇ ਪ੍ਰੋਗਰਾਮ ਬਹੁਤ ਘਟ ਹੁੰਦੇ ਹਨ ਜਿਆਦਾ ਹੋਣੇ ਚਾਹੀਦੇ ਹਨ।

ਇਸ ਪ੍ਰੋਗਰਾਮ ਬਾਰੇ ਡਾ: ਮੋਹਨ ਲਾਲ ਆਹੂਜਾ ਨੇ ਲਿਖਿਆ ਕਿ ਭਗਤੀ ਸੰਗੀਤ ਮਨ ਹਿਰਦੇ ਦੀ ਖੁਰਾਕ ਹੈ ਕੇਵਲ ਅਜੇਹਾ ਸੰਗੀਤ ਹੀ ਦੁਖੀ ਦਿਲਾਂ ਲਈ ਮਲ੍ਹਮ ਦਾ ਕੰਮ ਕਰ ਸਕਦਾ ਹੈ। ਕੋਈ ਦਵਾ ਕੋਈ ਗੋਲੀ, ਅਤੇ ਕੋਈ ਹੋਰ ਆਰਟ ਆਦਮੀ ਦੇ ਦਿਲ ਦੇ ਬੰਦ ਕਿਵਾੜਾਂ ਨੂੰ ਖੋਲ੍ਹ ਨਹੀਂ ਸਕਦੀ ਨਾ ਹੀ ਅਜੇਹਾ ਅਸਰ ਕਰ ਸਕਦੀ ਹੈ।

ਡਾ: ਅਮ੍ਰਿਤ (ਅੰਮ੍ਰਿਤਸਰ) ਨੇ ਲਿਖਿਆ ਕਿ ਮੈਂ ਜਿਨਾ ਚਿਰ ਹਾਲ ਵਿਚ ਬੈਠਾ ਰਿਹਾ, ਅੰਤਰ ਧਿਆਨ ਹੋਕੇ ਇਕਾਗਰ ਚਿਤ ਹੋਕੇ ਭਗਤੀ ਸੰਗੀਤ ਦਾ ਮਿਠਾ ਮਿਠਾ ਆਨੰਦ ਮਾਣਦਾ ਰਿਹਾ ਅਤੇ ਕਈ ਦਿਨ ਮੇਰੇ ਕੰਨਾ ਵਿਚ ਭਗਤੀ ਸੰਗੀਤ ਦੀਆਂ ਮਧੁਰ ਧੁਨਾਂ ਗੂੰਜਦੀਆਂ ਰਹੀਆਂ ਅਤੇ ਮੇਰੇ ਹਿਰਦੇ ਦੀਆਂ ਤਰਬਾਂ ਸਰਸ਼ਾਰ ਕਰਦੀਆਂ ਰਹੀਆਂ। ×



Sri Satguru Jagjit Singh Ji eLibrary NamdhariElibrary@gmail.com

# ਰੁਖ ਉਗਾਓ ਮੁਹਿੰਮ

ਲੁਧਿਆਣਾ—ਬੀਤੇ ਦਿਨ ਪੰਜਾਬ ਪ੍ਰਦੇਸ਼ ਕਾਂਗਰਸ ਦਲ ਨੇ, ਜ਼ਿਲਾ ਜੰਗਲਾਤ ਅਫਸਰ ਸ: ਰਾਜਿੰਦਰ ਸਿੰਘ ਦੇ ਸਹਿਯੋਗ ਨਾਲ ਡਾਇਰੈਕਟਰ ਐਕਸਟੈਨਸ਼ਨ ਵਿਦਿਆ, ਪੰਜਾਬ ਖੇਤੀਬਾੜੀ ਯੂਨੀਵਰਸਟੀ ਪੰਜਾਬ ਦੇ ਸਿਧੀ ਸਰਪ੍ਰਸਤੀ ਹੇਠਾਂ, ਵਧੇਰੇ ਰੁੱਖ ਉਗਾਓ ਮੁਹਿੰਮ ਦਾ ਸ੍ਰੀਗਨੇਸ਼ ਕੀਤਾ ਗਿਆ। "ਪਰਯੋਗਸ਼ਾਲਾ ਤੋਂ ਜ਼ਮੀਨ ਵਲ ਨੂੰ", ਜੰਗਲਾਤ ਦਾ ਇਕ ਨਵਾਂ ਤਜਰਬਾ ਕੀਤਾ ਗਿਆ ਜਿਸ ਵਿਚ ਕੋ ਤਹਿ ਜੰਗਲ ਉਗਾਇਆ ਗਿਆ ਜੋ ਕਿ ਪੰਜਾਬ ਖੇਤੀਬਾੜੀ ਯੂਨੀਵਰਸਟੀ ਦੀ ਸਿਧੀ ਵੇਖ ਰੇਖ ਵਿਚ ਚਲਾਇਆ ਗਿਆ ਅਤੇ ਸ਼ਹਿਤੂਤ, ਬੋਹੜ ਤੇ ਪਿੱਪਲ ਰੁੱਖਾਂ ਦੇ ੫੦੦ ਬੂਟੇ ਕਿਸਾਨਾਂ ਤੇ ਦੂਸਰੇ ਪਤਵੰਤਿਆਂ ਵਲੋਂ ਲਗਾਏ ਗਏ ਜਿਨ੍ਹਾਂ ਵਿਚ ਕਿ ਪਰਮ ਸੰਤ ਸਾਧੂ ਸਿੰਘ ਨਾਨਕਸਰ ਵਾਲੇ, ਸ: ਰਾਜਿੰਦਰ ਸਿੰਘ, ਜ਼ਿਲਾ ਵਣ ਅਫਸਰ ਤੇ ਉਹਨਾਂ ਦੀ ਧਰਮ ਪਤਨੀ, ਕਮਾਂਡੰਟ ਸੀ.ਆਰ.ਪੀ.ਐਫ. ਲੁਧਿਆਣਾ ਸ: ਸਤਨਾਮ ਸਿੰਘ ਗਿੱਲ ਸ਼ਾਮਿਲ ਸਨ, ਪਿੰਡ ਬੀਰਮੀ ਦੇ ਖੇਤਾਂ ਵਿਚ ਲਗਾਏ ਗਏ।

ਉਤਸ਼ਾਹ ਅਤੇ ਵਧ ਗਰਮਜੋਸ਼ੀ ਨਾਲ ਰੁੱਖ ਉਗਾਓ ਮੁਹਿੰਮ ਦਾ ਕੰਮ ਚਲਾਣ ਕਰਕੇ ਸ: ਰਾਜਿੰਦਰ ਸਿੰਘ ਜ਼ਿਲਾ ਵਣ ਅਫਸਰ, ਲੁਧਿਆਣਾ ਨੂੰ ਕੁਲ ਹਿੰਦ ਨਾਮਧਾਰੀ ਨਾਮਧਾਰੀ ਕਮੇਟੀ ਵਲੋਂ ਸੰਤ ਰਾਮ ਸਿੰਘ ਨੀਲੋਂ ਪੁਲ ਵਾਲਿਆਂ ਨੇ ਸਰੋਪਾ ਭੇਟ ਕੀਤਾ।

ਪਤਵੰਤਿਆਂ ਅਤੇ ਪੇਂਡੂ ਵਸੋਂ ਦੇ ਦੂਸਰੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਅਤੇ ਧਨਵਾਦ ਕਰਦਿਆਂ ਹੋਇਆਂ ਸ: ਸ਼ਾਮ ਸਿੰਘ ਸਲਾਹਕਾਰ ਪੰਜਾਬ ਕਾਂਗਰਸ ਕਿਸਾਨ ਦਲ ਨੇ ਜ਼ੋਰ ਦੇ ਕੇ ਕਿਹਾ ਕਿ ਕਣਕ ਅਤੇ ਝੋਨੇ ਦੀ ਖੇਤੀ ੧/੫ ਹਿੱਸਾ ਘੱਟ ਕਰਕੇ ਉਹਨਾਂ ਖੇਤਾਂ ਵਿਚ ਰੁੱਖ, ਗੰਨਾ, ਦਾਲਾਂ, ਸਬਜ਼ੀਆਂ, ਹਰਾ ਚਾਰਾ ਅਤੇ ਦੂਸਰੇ ਫਲਦਾਰ ਬਾਗ ਲਗਾਏ ਜਾਣ।

ਪੇਂਡੂ ਵਸੋਂ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਉਹ ਨਸ਼ਿਆਂ ਅਤੇ ਜਾਨਵਰਾਂ ਨੂੰ ਕਤਲ ਕਰਨ ਤੋਂ ਪਰਹੇਜ਼ ਕਰਨ।

ਸਾਰੇ ਪੌਦੇ ਖੇਤਾਂ ਵਿਚ, ਗੱਡਿਆਂ ਤੇ ਜ਼ਿਲਾ ਵਣ-ਅਫਸਰ ਨੇ ਉਪਲਬਧ ਕੀਤੇ।



ਸੰਤ ਈਸ਼ਰ ਸਿੰਘ ਨਾਨਕਸਰ ਵਾਲਿਆਂ ਦੀ ਬਰਸੀ ਦੇ ਮੌਕੇ ਤੇ ਲੁਧਿਆਣਾ ਵਿਖੇ ਇਕ ਮਿਲਵਾਂ ਕਿਸਾਨ ਸਮਾਗਮ ਕੀਤਾ ਗਿਆ। ਕੁਲ ਹਿੰਦ ਨਾਮਧਾਰੀ ਨਾਮਧਾਰੀ ਕਮੇਟੀ, ਪੰਜਾਬ ਕਾਂਗਰਸ ਕਿਸਾਨ ਦਲ ਅਤੇ ਖੇਤੀ ਯੂਨੀਵਰਸਟੀ ਲੁਧਿਆਣਾ ਤੇ ਜ਼ਿਲਾ ਵਣ ਅਫਸਰ ਦੇ ਸਹਿਯੋਗ ਨਾਲ ਜੰਗਲ ਅਤੇ ਫਲਦਾਰ ਪੌਦੇ ਲਗਾਉਣ ਦਾ ਨਾਅਰਾ ਦਿਤਾ ਗਿਆ। ਸਮਾਗਮ ਤੇ ਆਏ ਸੰਤ ਮਹਾਂਪੁਰਖਾਂ ਨੇ ਸਾਂਝੇ ਮਤੇ ਵਿਚ ਜਾਨਵਰਾਂ ਨੂੰ ਮਾਰਨ ਅਤੇ ਨਸ਼ਿਆਂ ਤੋਂ ਪਰਹੇਜ਼ ਦੀ ਅਪੀਲ ਕੀਤੀ। ਸੰਤ ਸਾਧੂ ਸਿੰਘ ਜੀ ਨਾਨਕਸਰ ਵਾਲਿਆਂ ਅਤੇ ਸੰਤ ਸਾਧੂ ਸਿੰਘ ਜੀ ਨੀਲੋਂ ਪੁਲ ਵਾਲਿਆਂ ਨੂੰ ਸਿਰੋਪੇ ਭੇਂਟ ਕੀਤੇ ਗਏ। ਤਸਵੀਰ ਵਿਚ ਸ: ਸ਼ਾਮ ਸਿੰਘ ਸਕੱਤਰ ਕੁਲ ਹਿੰਦ ਨਾਮਧਾਰੀ ਨਾਮਧਾਰੀ ਕਮੇਟੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਾਸਤੇ ਸੰਤ ਦਲੀਪ ਸਿੰਘ ਜੀ ਨਿਰੰਕਾਰੀ ਰਾਹੀਂ ਭੇਟਾ ਭੇਜ ਰਹੇ ਦਿਸ ਰਹੇ ਹਨ। ਸ: ਸ਼ਾਮ ਸਿੰਘ ਦੇ ਨਾਲ ਹੱਥ ਜੋੜੀ ਸੁਰਜੀਤ ਖੁਰਸੀਦੀ ਨਜ਼ਰ ਆ ਰਹੇ ਹਨ। ਸੱਜੇ ਹੱਥ ਸ: ਇੰਸਪੈਕਟਰ ਸਿੰਘ ਜਗਰਾਓਂ ਖੜੇ ਹਨ।



Sri Satguru Jagjit Singh Ji eLibrary NamdhariElibrary@gmail.com

# ਪ੍ਰਤਿਕ੍ਰਿਆ

'ਵਰਿਆਮ' ਲੰਬੇ ਢੰਗ ਤੋਂ ਜਾਣਾ ਹਰ ਕਿਸੇ ਨੂੰ ਰੜਕਦਾ ਹੈ। ਮੈਨੂੰ ਤਾਂ ਇਸ ਕਰਕੇ ਔਖਾ ਨਹੀਂ ਲਗਦਾ ਕਿ ਮੈਨੂੰ ਤੁਹਾਡੀ ਮਜਬੂਰੀ ਦਾ ਪਤਾ ਹੈ। ਜਿਨ੍ਹਾਂ ਨੇ ਚੰਦੇ ਦਿਤੇ ਹਨ ਉਹ ਸਮਝਦੇ ਹਨ ਜਿਵੇਂ 'ਹੇਰਾਫੇਰੀ' ਹੀ ਹੋ ਗਈ ਹੈ। ਜਲੰਧਰ ਕਿਵੇਂ ਸੂਲੀ ਤੇ ਟੰਗਿਆ ਰਹਿੰਦਾ ਹੈ ਕਿਸੇ ਨੂੰ ਕੀ ਪਤਾ...

— ਪ੍ਰੀਤਮ ਸਿੰਘ ਕਵੀ

—o—

...ਹਲਿਆਂ ਰੁਲਿਆਂ ਦੇ ਦੌਰ ਵਿਚੋਂ ਲੰਘ ਰਿਹਾ ਹੈ ਇਸ ਵੇਲੇ ਭਾਰਤ ਵਰਸ਼। ਇਹ ਜ਼ਰੂਰੀ ਵੀ ਹੈ। ਚਾਲੀ ਸਾਲਾਂ ਦੇ ਅਨੁਭਵਾਂ ਨੇ ਹਰ ਆਮੋ-ਖਾਸ ਨੂੰ ਨਿਰਾਸ਼ ਕੀਤਾ ਹੈ। ਚੰਗੀਆਂ ਨਰੋਈਆਂ ਕੀਮਤਾਂ ਬਣੀਆਂ ਤੇ ਵਧੀਆਂ ਫੁਲੀਆਂ ਨਹੀਂ, ਪੁਰਾਣੀਆਂ ਨਰੋਈਆਂ ਕੀਮਤਾਂ ਮਿਟ ਗਈਆਂ ਨੇ। ਨਿਰਾਸ਼ਾ ਦੇ ਹਰ ਕਿਸੇ ਦੇ ਆਪਣੇ ਆਪਣੇ ਅਰਥ ਹਨ ਤੇ ਆਪਣੇ ਆਪਣੇ ਪੈਮਾਨੇ। ਦੋਸ਼ ਕਿਸੇ ਨੂੰ ਵੀ ਨਹੀਂ ਦਿਤਾ ਜਾ ਸਕਦਾ। ਭਵਿਖ ਬਾਰੇ ਬਹੁਤੇ ਲੋਕ ਨਿਰਾਸ਼ ਹਨ ਪਰ ਮੈਂ ਨਿਰਾਸ਼ ਨਹੀਂ ਹਾਂ। ਸਮਝਦਾ ਹਾਂ ਤਬਦੀਲੀ ਦੀਆਂ ਮੂਲ ਸ਼ਕਤੀਆਂ ਆਪਣੇ ਢੰਗ ਨਾਲ ਪ੍ਰਕਿਰਤੀ ਦੀ ਯੋਜਨਾ ਅਨੁਸਾਰ ਆਪਣਾ ਕੰਮ ਕਰ ਰਹੀਆਂ ਹਨ, ਸਭ ਠੀਕ ਹੀ ਹੋਵੇਗਾ......

ਵਰਿਆਮ ਦੇ ਅੰਕ ਮਿਲ ਰਹੇ ਤੇ ਪੜ੍ਹ ਵੀ ਲਏ ਹਨ ਤੁਸੀਂ ਦ੍ਰਿੜਤਾ ਨਾਲ ਉਦਮ ਕਰੀ ਜਾ ਰਹੇ ਹੋ। ਫਲ ਉਪਰ ਵਾਲਾ ਦਏਗਾ। ਡੁੱਲਰ ਤੇ ਪੈੜਾਂ ਨੇ ਰਲ ਕੇ ਵਾਹਵਾ ਰੌਣਕ ਲਾਈ ਹੈ।

ਅਮਰ ਭਾਰਤੀ
ਹਰੀ ਨਗਰ ਨਵੀਂ ਦਿਲੀ।

—o—

ਜਿਹੜੀਆਂ ਗੱਲਾਂ ਦਾ ਆਮ ਲੋਕਾਂ ਨੂੰ ਪਤਾ ਹੈ ਉਹ ਤਾਂ ਠੀਕ ਲਿਖਿਆ ਕਰੋ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਵਰਿਆਮ ਲੋਕ ਪੜ੍ਹਦੇ ਨੇ। ਆਪ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਪ੍ਰਕਾਸ਼ਤ ਕੀਤਾ ਹੈ (ਅਗਸਤ ੮੬ ਅੰਕ) ਕਿ "੫ ਭਾਦਰੋਂ ੨੦੨੭ ਬਿ: ਨੂੰ ਇਸ ਮਹਾਂ ਪ੍ਰਤਾਪੀ ਪੁਰਸ਼ ਨੇ ਆਪਣੀਆਂ ਕਿਰਨਾਂ ਸਮੇਟੀਆਂ" ਮੇਰੇ ਖਿਆਲ ਵਿਚ ਇਹ ਸੰਮਤ ਗਲਤ ਹੈ ਅਤੇ ਠੀਕ ੨੦੧੬ ਬਿ: ਹੈ। ਬਾਕੀ ਤੁਹਾਡੀਆਂ ਤੁਸੀਂ ਜਾਣੋ।

ਸੇਵਾ ਸਿੰਘ ਮਲ੍ਹੋਂ ਵਾਲਾ
੪/੯੯ ਰਮੇਸ਼ ਨਗਰ ਨਵੀਂ ਦਿੱਲੀ

—o—

(—ਸਾਨੂੰ ਅਫ਼ਸੋਸ ਹੈ ਕਿ ਪਰੂਫ਼ ਦੀ ਗ਼ਲਤੀ ਕਾਰਨ ਸੰਮਤ ੨੦੨੭ ਬਿ: ਪ੍ਰਕਾਸ਼ਤ ਹੋਇਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੋਤੀ-ਜੋਤ ਸਮਾਉਣ ਦਾ ਸੰਮਤ ਸਚਮੁਚ ੨੦੧੬ ਹੀ ਹੈ ਧਿਆਨ ਦਿਵਾਉਣ ਲਈ ਧਨਵਾਦ।

—ਸੰਪਾਦਕ)

## ਅਮਨ ਮਾਰਚ ਵਾਸਤੇ ਕਲਾ ਕ੍ਰਿਤਾਂ ਦੀ ਨੀਲਾਮੀ

ਦਿੱਲੀ ਵਿਚ ੧੮ ਦਸੰਬਰ ਨੂੰ ਅਮਨ ਵਾਸਤੇ ਕੀਤੀ ਜਾਣ ਵਾਲੀ ਰੈਲੀ ਦੀ ਮਦਦ ਕਰਨ ਵਾਸਤੇ ਦੇਸ਼ ਦੇ ਪ੍ਰਸਿੱਧ ਕਲਾਕਾਰਾਂ ਨੇ ਆਪਣੀਆਂ ਕ੍ਰਿਤਾਂ ਦੀ ਨੀਲਾਮੀ ਕਰਕੇ ਦੋ ਲੱਖ ਤੀਹ ਹਜ਼ਾਰ ਰੁਪਏ ਇਕੱਠੇ ਕੀਤੇ। ੧੪ ਦਸੰਬਰ ਨੂੰ ਪ੍ਰਸਿੱਧ ਚਿੱਤਰਕਾਰਾਂ ਐਮ.ਐਫ. ਹੁਸੈਨ, ਬੀ.ਸੀ. ਸਨਿਆਲ, ਜੋਗਿਨ ਚੌਧਰੀ ਅਤੇ ਕ੍ਰਿਸ਼ਨ ਖੰਨਾ ਆਦਿ ਦੀਆਂ ੧੦੦ ਤੋਂ ਵਧ ਪੇਂਟਿੰਗਜ਼ ਦੀ ਨੀਲਾਮੀ ਕੀਤੀ ਗਈ। ਰਾਬਿੰਦਰਾ ਭਵਨ ਦੇ ਮੈਦਾਨ ਵਿਚ ਹੋਈ ਨੀਲਾਮੀ ਵਿਚ ਸਭ ਤੋਂ ਵਧ ਰਕਮ ਐਮ.ਐਫ. ਹੁਸੈਨ ਦੀ ਕ੍ਰਿਤ ਬੁੱਧ ਅਤੇ ਗਾਂਧੀ ਨੂੰ ੧੮੦੦੦ ਰੁਪਿਆ ਆਈ। ਫਿਰਕੂ ਏਕਤਾ ਕਮੇਟੀ ਦੇ ਪ੍ਰਸਿੱਧ ਮੈਂਬਰ ਹਨ ਸ੍ਰੀ ਪੀ.ਐਨ. ਹਕਸਰ, ਜਸਟਿਸ ਰਾਜਿੰਦਰ ਸੱਚਰ, ਪੱਤਰ ਵਿਦਵਾਨ ਸੁੰਦਰਮ, ਸਟੇਜ ਕਲਾਕਾਰ ਹਬੀਬ ਤਨਵੀਰ ਅਤੇ ਅਕਾਦਮੀਸ਼ਨ ਗੁਰਬਖਸ਼ ਸਿੰਘ ਤੇ ਮੁਨਿਸ ਰਜ਼ਾ। ਮਾਰਚ ਰਾਮਲੀਲਾ ਗਰਾਊਂਡ ਤੋਂ ਚਲਣਾ ਹੈ ਅਤੇ ਸ਼ਹਿਰ ਵਿਚ ਸੁਖ ਸ਼ਾਂਤੀ ਅਤੇ ਫਿਰਕੂ ਏਕਤਾ ਕਾਇਮ ਰਖਣਾ ਇਸ ਦਾ ਮੰਤਵ ਹੈ।

—o—

# ਵਰਿਆਮ ਨੂੰ ਸਹਿਯੋਗ

ਸ: ਗੁਰਬਚਨ ਸਿੰਘ ਸੇਟਰੀਆਂ ਵਾਲਿਆਂ ਦੇ ਗ੍ਰਹਿ ਮਹੱਲਾ ਕ੍ਰਿਸ਼ਨ ਨਗਰ ਜਲੰਧਰ ਵਿਖੇ ਦੋ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ ਅਤੇ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਬੀਰ ਸਿੰਘ ਅਤੇ ਜਥੇ ਨੇ ਕੀਤਾ। ਸਾਧ ਸੰਗਤ ਨੂੰ ਲੰਗਰ ਛਕਾਇਆ ਗਿਆ। ਵਰਿਆਮ ਵਾਸਤੇ ੨੧/- ਰੁਪਏ ਸਹਿਯੋਗ ਦਿਤਾ ਗਿਆ। ਨਾਮਧਾਰੀ ਧਰਮਸਾਲਾ ਵਾਂ ਜਲੰਧਰ ਅਤੇ ਲੰਗਰ ਸ੍ਰੀ ਭੈਣੀ ਸਾਹਿਬ ਵਾਸਤੇ ਵੀ ਮਾਇਆ ਕਢੀ ਗਈ!



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ







## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾਂ. ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2526411
,, : 2610345
Resi. : 213956

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Sri Satguru Jagjit Singh Ji eLibrary NamdhariElibrary@gmail.com

Registered No. NW/JL—253 MONTHLY WARIAM December 1986
Registered with the registerar of News Papers for India No 26433/75


# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

ALREADY INTRODUCED:

**Glucose, Roshni, Twinkle, Orange**
**Pineapple, Elaichi Cream Biscuits**

**Fully geared to release Shortly Saly Quality Biscuits**

## POONAM BISCUITS PVT. LTD.

**E-23 M.I.D.C. Ind. Area**
**Chikalhana, Aurangabad-431210**

Telephone : 8707
Telegram : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਜੋਤ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਮਾਸਕ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM, Ladowali Road, Jalandhar—144001.

Sri Satguru Jagjit Singh Ji eLibrary NamdhariElibrary@gmail.com